# ASIAN FOOD CENTRE



## SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



chatr MOBILE

BLACK FRIDAY SALE NOV 23!



ZTE Z828
~~$80~~ $59.99**
**WHEN YOU ACTIVATE AN AUTO-PAY PLAN

NO TERM CONTRACTS
NO CREDIT CHECKS

DATA, TALK & TEXT
$40/MO.

LET'S GET GOING.
CHATRMOBILE.COM

VISIT OUR LOCATIONS TODAY!

379 Main St. North, Brampton, ON    2456 Lake Shore Blvd W., Etobicoke, ON

chatr AUTHORIZED DEALER

*Taxes extra. Offer subject to change without notice. Get 2GB of data at 3G speed up to 3Mbps. Once you reach your 3G speed data allotment, your data speed will be reduced until your next anniversary date. Valid at participating location(s) above and subject to change without notice. **Offer valid only at the above participating location(s) and subject to change without notice. Only applicable to new activations with the sign-up of pre-authorized payments with Auto-pay. Taxes are extra and while quantities last. ™ Trademarks used under license. ©2018

# ਰਾਜ਼ਾਸਾਂਸੀ ਦੇ ਨਿਰੰਕਾਰੀ ਭਵਨ ਵਿੱਚ ਸਤਿਸੰਗ ਮੌਕੇ ਗ੍ਰਨੇਡ ਹਮਲੇ 'ਚ 3 ਮੌਤਾਂ, 22 ਜ਼ਖ਼ਮੀ

...ਪੰਨਾ 1 ਦਾ ਬਾਕੀ

ਉਨ੍ਹਾਂ ਵਿੱਚੋਂ ਇਕ ਨੌਜਵਾਨ ਨੇ ਪਿਸਤੌਲ ਕੱਢੀ ਅਤੇ ਉਸ ਨੂੰ ਇਕ ਪਾਸੇ ਲੈ ਗਿਆ ਤੇ ਉਸ ਕੋਲੋਂ ਅੰਦਰ ਹੁੰਦੇ ਸਮਾਗਮ ਦੀ ਜਾਣਕਾਰੀ ਲਈ। ਓਦੋਂ ਤੱਕ ਉਸ ਦਾ ਦੂਜਾ ਸਾਥੀ ਅੰਦਰ ਗਿਆ ਤੇ ਉਸ ਨੇ ਹਾਲ ਵਿਚ ਬੈਠੀ ਸੰਗਤ ਉੱਤੇ ਹੈਂਡ ਗ੍ਰਨੇਡ ਸੁੱਟਿਆ। ਇਸ ਧਮਾਕੇ ਨਾਲ ਭਾਜੜ ਮੱਚ ਜਾਣ ਵੇਲੇ ਹਮਲਾਵਰ ਫਰਾਰ ਹੋ ਗਏ। ਓਥੇ ਹਾਜ਼ਰ ਗੁਰਭੇਜ ਸਿੰਘ ਨੇ ਦੱਸਿਆ ਕਿ ਉਹ ਆਪਣੀ ਪਤਨੀ ਤੇ ਪੁੱਤਰਾਂ ਨਾਲ ਸਮਾਗਮ ਵਿਚ ਆਇਆ ਸੀ, ਦੋਵੇਂ ਪਤੀ-ਪਤਨੀ ਧਮਾਕੇ ਵਿਚ ਜ਼ਖ਼ਮੀ ਹੋਏ ਹਨ। ਉਨ੍ਹਾਂ ਦੱਸਿਆ ਕਿ ਉਹ ਮੰਚ ਨੇੜੇ ਬੈਠੇ ਹੋਏ ਸਨ ਅਤੇ ਅਚਾਨਕ ਕੋਈ ਠੋਸ ਚੀਜ਼ ਡਿੱਗਣ ਮਗਰੋਂ ਜ਼ੋਰਦਾਰ ਧਮਾਕਾ ਹੋਇਆ। ਫਿਰ ਜਦੋਂ ਉਹ ਪਤਨੀ ਅਤੇ ਬੱਚਿਆਂ ਨਾਲ ਹਸਪਤਾਲ ਜਾਣ ਲੱਗਾ ਤਾਂ ਉਸ ਨੇ ਦੋ ਨੌਜਵਾਨਾਂ ਨੂੰ ਮੋਟਰ ਸਾਈਕਲ ਉੱਤੇ ਭੱਜਦੇ ਦੇਖਿਆ।

ਇਸ ਘਟਨਾ ਦੀ ਜਾਣਕਾਰੀ ਮਿਲਦੇ ਸਾਰ ਸੀਨੀਅਰ ਪੁਲੀਸ ਅਤੇ ਸਿਵਲ ਅਧਿਕਾਰੀ ਮੌਕੇ ਉੱਤੇ ਪੁੱਜ ਗਏ ਸਨ। ਬਾਰਡਰ ਰੇਂਜ ਦੇ ਆਈ ਜੀ, ਐਸ ਪੀ ਐਸ ਪਰਮਾਰ ਦਾ ਕਹਿਣਾ ਹੈ ਕਿ ਖੜੇ ਪੈਰ ਕਹਿਣਾ ਔਖਾ ਹੈ ਕਿ ਇਹ ਅਤਿਵਾਦੀ ਹਮਲਾ ਹੀ ਹੈ, ਪਰ ਇਸ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੱਸਿਆ ਕਿ ਧਮਾਕੇ ਸਮੇਂ ਹਾਲ ਵਿਚ ਕਰੀਬ 200 ਲੋਕ ਸਨ। ਇਸ ਕੰਪਲੈਕਸ ਵਿਚ ਸੀ ਸੀ ਟੀ ਵੀ ਕੈਮਰੇ ਕਿਸੇ ਵੀ ਥਾਂ ਨਹੀਂ ਲਾਏ ਗਏ। ਧਮਾਕੇ ਨਾਲ ਓਥੇ ਪੈ ਗਏ ਤਿੰਨ ਇੰਚ ਚੌੜੇ ਟੋਏ ਦੀ ਜਾਂਚ ਫੋਰੈਂਸਿਕ ਟੀਮ ਕਰ ਰਹੀ ਹੈ। ਗ੍ਰਨੇਡ ਦਾ ਸੇਫਟੀ ਵਾਲਵ ਮਿਲਿਆ ਹੈ ਅਤੇ ਉਸ ਦੀ ਜਾਂਚ ਹੋ ਰਹੀ ਹੈ। ਡੇਰੇ ਦੇ ਪ੍ਰਬੰਧਕਾਂ ਅਤੇ ਸ਼ਰਧਾਲੂਆਂ ਨੇ ਦੋਸ਼ ਲਾਇਆ ਕਿ ਹਮਲਾ ਪ੍ਰਸ਼ਾਸਨ ਦੀ ਢਿੱਲ ਅਤੇ ਲਾਪਰਵਾਹੀ ਦਾ ਸਿੱਟਾ ਹੈ, ਪਰ ਡਿਪਟੀ ਕਮਿਸ਼ਨਰ ਨੇ ਦੋਸ਼ਾਂ ਨੂੰ ਰੱਦ ਕੀਤਾ ਹੈ। ਮਿਲ ਸਕੇ ਵੇਰਵਿਆਂ ਮੁਤਾਬਕ ਇਸ ਹਮਲੇ ਵਿੱਚ ਜ਼ਖ਼ਮੀ ਹੋਏ ਲੋਕਾਂ ਵਿੱਚ ਸੁਰਜੀਤ ਕੌਰ, ਸਿਮਰਨਜੀਤ ਕੌਰ, ਮਹਿਕਜੀਤ ਕੌਰ ਅਤੇ ਰੇਸ਼ਾ ਸਿੰਘ ਪਿੰਡ ਮੀਰਾਂਕੋਟ, ਗਗਨਦੀਪ ਸਿੰਘ, ਅਕਾਸ਼ਦੀਪ ਸਿੰਘ, ਜਸਬੀਰ ਕੌਰ, ਸਰਬਜੀਤ ਸਿੰਘ, ਅਵਤਾਰ ਸਿੰਘ, ਕਸ਼ਮੀਰ ਕੌਰ, ਗੁਰਪਿਆਰ ਸਿੰਘ, ਰਾਜਵੰਤ ਕੌਰ ਤੇ ਲਾਲ ਸਿੰਘ ਰਾਜਾਸਾਂਸੀ, ਕੁਲਵਿੰਦਰ ਸਿੰਘ ਸ਼ੇਰਾ ਕਲਾਂ, ਹਰਵਿੰਦਰ ਸਿੰਘ ਬੱਗਾ ਖੁਰਦ, ਹਰਜੋਤ ਸਿੰਘ ਅਤੇ ਕੁਲਦੀਪ ਸਿੰਘ ਕੁੱਕੜਾਂਵਾਲਾ, ਨਿਰਮਲ ਕੌਰ ਘਨੂੰਪੁਰ, ਅਜੀਤ ਸਿੰਘ ਹਰਸ਼ਾ ਛੀਨਾ ਸਿੰਘ, ਸੁਖਵਿੰਦਰ ਕੌਰ ਤੇ ਦਿਲਸ਼ੇਰ ਸਿੰਘ ਪਿੰਡ ਧੌਲ ਕਲਾਂ ਅਤੇ ਸਤਿੰਦਰ ਕੁਮਾਰ ਲੁਹਾਰਕਾ ਰੋਡ ਤੋਂ ਹਨ। ਸਰਕਾਰੀ ਮੈਡੀਕਲ ਕਾਲਜ ਦੇ ਨਾਲ ਸੰਬੰਧਤ ਗੁਰੂ ਨਾਨਕ ਦੇਵ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਸੁਰਿੰਦਰਪਾਲ ਨੇ ਦੱਸਿਆ ਕਿ ਵਧੇਰੇ ਜ਼ਖ਼ਮੀਆਂ ਦੀ ਸਥਿਤੀ ਠੀਕ ਹੈ ਅਤੇ ਉਨ੍ਹਾਂ ਦੀ ਜਾਨ ਨੂੰ ਕੋਈ ਖਤਰਾ ਨਹੀਂ।

ਰਾਜਾਸਾਂਸੀ ਨਿਰੰਕਾਰੀ ਭਵਨ 'ਤੇ ਹਮਲੇ ਪਿੱਛੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮ੍ਰਿਤਕਾਂ ਦੇ ਵਾਰਸਾਂ ਨੂੰ 5-5 ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕਰਦਿਆਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਜ਼ਖ਼ਮੀਆਂ ਦੇ ਮੁਫ਼ਤ ਇਲਾਜ ਤੇ ਮੈਡੀਕਲ ਸਹਾਇਤਾ ਦੇਣ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸੂਬੇ ਦਾ ਅਮਨ ਤੇ ਸਦਭਾਵਨਾ ਨੂੰ ਭੰਗ ਕਰਨ ਦੀ ਕਿਸੇ ਨੂੰ ਆਗਿਆ ਨਹੀਂ ਦਿੱਤੀ ਜਾਵੇਗੀ ਤੇ ਸਰਕਾਰ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਖੜਾ ਕਰੇਗੀ। ਧਮਾਕੇ ਤੋਂ ਬਾਅਦ ਮੁੱਖ ਮੰਤਰੀ ਨੇ ਪੁਲੀਸ ਨੂੰ ਸੰਵੇਦਨਸ਼ੀਲ ਥਾਵਾਂ 'ਤੇ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਕਰਨ ਨੂੰ ਕਿਹਾ ਹੈ।

ਪੰਜਾਬ ਪੁਲੀਸ ਦੇ ਮੁਖੀ ਸੁਰੇਸ਼ ਅਰੋੜਾ ਨੇ ਨਿਰੰਕਾਰੀ ਭਵਨ ਵਿਚ ਗ੍ਰਨੇਡ ਧਮਾਕੇ ਬਾਰੇ ਕਿਹਾ ਕਿ ਪੁਲੀਸ ਇਸ ਨੂੰ ਅਤਿਵਾਦੀ ਹਮਲੇ ਵਜੋਂ ਦੇਖਦੀ ਹੈ ਅਤੇ ਇਸੇ ਪੱਖੋਂ ਜਾਂਚ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਧਮਾਕੇ ਦੀ ਜਾਂਚ ਵਾਸਤੇ ਕੌਮੀ ਜਾਂਚ ਏਜੰਸੀ (ਐਨ ਆਈ ਏ) ਦੀ ਟੀਮ ਦਿੱਲੀ ਤੋਂ ਆ ਰਹੀ ਹੈ। ਘਟਨਾ ਸਥਾਨ ਦਾ ਦੌਰਾ ਕਰਨ ਪਿੱਛੋਂ ਮੀਡੀਆ ਨਾਲ ਗੱਲਬਾਤ ਵਿੱਚ ਡੀ ਜੀ ਪੀ ਨੇ ਕਿਹਾ ਕਿ ਮੁੱਢਲੀ ਜਾਂਚ ਨਾਲ ਪਤਾ ਲੱਗਾ ਕਿ ਧਮਾਕਾ ਹੈਂਡ ਗ੍ਰਨੇਡ ਨਾਲ ਕੀਤਾ ਗਿਆ ਹੈ। ਪਾਕਿਸਤਾਨੀ ਅਤਿਵਾਦੀ ਜ਼ਾਕਿਰ ਮੂਸਾ ਦਾ ਇਸ ਹਮਲੇ ਪਿੱਛੇ ਹੱਥ ਹੋਣ ਤੋਂ ਇਨਕਾਰ ਕਰਦਿਆਂ ਉਨ੍ਹਾਂ ਕਿਹਾ ਕਿ ਅਜੇ ਇਸ ਬਾਰੇ ਕੁਝ ਕਹਿਣਾ ਜਲਦੀ ਹੋਵੇਗੀ।

ਇਸ ਦੌਰਾਨ ਅੱਜ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਇਸ ਹਮਲੇ ਦੇ ਦੋਸ਼ੀਆਂ ਖ਼ਿਲਾਫ਼ ਸਖਤ ਕਾਰਵਾਈ ਲਈ ਮਦਦ ਦਾ ਭਰੋਸਾ ਦਿੱਤਾ।



## ਅੱਜ ਨਾਮਾ

ਓਧਰ ਪੁਲਸ ਦੀ ਟੀਮ ਪੜਤਾਲ ਕਰਦੀ,  
ਏਧਰ ਬਹਿਸ ਆ ਰਾਜਸੀ ਛਿੜੀ ਮੀਆਂ।  
ਕਿਹਾ ਬਾਦਲ ਕਿ ਢੌਂਗ ਜਿਹੀ ਜਾਂਚ ਸਾਰੀ,  
ਜਾਂਦਾ ਚੱਕਰ ਸਿਆਸਤ ਦਾ ਗਿੜੀ ਮੀਆਂ।  
ਭਾਜੀ ਦੋਸ਼ਾਂ ਦੀ ਮੋੜਨ ਜੀ ਕਾਂਗਰਸੀਏ,  
ਭੇੜ ਜਾਣ ਇਹ ਧਿਰਾਂ ਦੋ ਭਿੜੀ ਮੀਆਂ।  
ਲੋਕੀਂ ਆਖ ਰਹੇ ਸਿਰੇ ਨਹੀਂ ਕੇਸ ਲੱਗਦੇ,  
ਮਾਰੀ ਗਈ ਨਾ ਕਦੇ ਕੋਈ ਚਿੜੀ ਮੀਆਂ।  
ਪਾਰਲੀਮੈਂਟ ਦੀ ਚੋਣ ਆ ਚੜ੍ਹੀ ਆਉਂਦੀ,  
ਉਹਦੇ ਘੋਲ ਲਈ ਗਰਮ ਮੈਦਾਨ ਹੋਇਐ।  
ਅਸਲੀ ਮੁੱਦੇ ਬਈ ਲੋਕਾਂ ਦੇ ਗਏ ਕਿਧਰੇ,  
ਰਾਜਸੀ ਭੇੜ ਦੀ ਤਰਫ ਧਿਆਨ ਹੋਇਐ।

**ਤੀਸ ਮਾਰ ਖਾਂ**

## ਲਾਅਰੈਂਸ ਐਵਨਿਊ ਤੇ ਕਿੰਗਸਟਨ ਰੋਡ ਨੇੜੇ ਗੋਲੀ ਚੱਲਣ ਨਾਲ ਇੱਕ ਵਿਅਕਤੀ ਦੀ ਮੌਤ



ਟੋਰਾਂਟੋ, 18 ਨਵੰਬਰ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਲਾਅਰੈਂਸ ਐਵਨਿਊ ਤੇ ਕਿੰਗਸਟਨ ਰੋਡ ਨੇੜੇ ਗੋਲੀ ਚੱਲਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

2018 ਵਿੱਚ ਇਹ ਟੋਰਾਂਟੋ ਵਿੱਚ ਹੋਇਆ 90ਵਾਂ ਕਤਲ ਹੈ। ਇਸ ਇਲਾਕੇ ਵਿੱਚ ਗੋਲੀ ਚੱਲਣ ਦੀ ਖਬਰ ਮਿਲਣ ਤੋਂ ਬਾਅਦ ਐਮਰਜੰਸੀ ਸੇਵਾਵਾਂ ਨਾਲ ਸਬੰਧਤ ਅਧਿਕਾਰੀ ਰਾਤੀਂ 1:30 ਵਜੇ ਮੌਕੇ ਉੱਤੇ ਪਹੁੰਚੇ। ਸਕਾਰਬੌਰੋ ਵੈਸਟ ਹਿੱਲ ਦੀ ਅਪਾਰਟਮੈਂਟ ਬਿਲਡਿੰਗ ਵਿੱਚੋਂ ਉਨ੍ਹਾਂ ਨੂੰ ਗੋਲੀਆਂ ਦੇ ਖੋਲ ਮਿਲੇ। ਪੈਰਾਮੈਡਿਕਸ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਪਿਆ ਮਿਲਿਆ ਪਰ ਉਸ ਵਿੱਚ ਸਾਹ-ਸੱਤ ਨਹੀਂ ਸੀ ਲੱਗ ਰਿਹਾ। ਮੌਕੇ ਉੱਤੇ ਹੀ ਉਸ ਵਿਅਕਤੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

3:00 ਵਜੇ ਟੋਰਾਂਟੋ ਪੁਲਿਸ ਸਰਵਿਸ ਐਮਰਜੰਸੀ ਟਾਸਕ ਫੋਰਸ ਦੇ ਮੈਂਬਰ ਇਸ 13 ਮੰਜ਼ਿਲਾ ਇਮਾਰਤ ਵਿੱਚ ਪਹੁੰਚੇ। ਉਹ ਗੰਨਜ਼ ਲੈ ਕੇ ਇਮਾਰਤ ਵਿੱਚ ਦਾਖਲ ਹੋਏ। 3:30 ਵਜੇ ਹਥਕੜੀ ਲਗਾ ਕੇ ਇੱਕ ਵਿਅਕਤੀ ਨੂੰ ਇਮਾਰਤ ਵਿੱਚੋਂ ਬਾਹਰ ਲੈ ਕੇ ਆਏ ਤੇ ਉਸ ਨੂੰ ਆਪਣੇ ਨਾਲ ਲੈ ਗਏ। ਉਸ ਨੇ ਕਾਲੇ ਰੰਗ ਦੀ ਪੈਂਟ ਤੇ ਕਾਲੀ ਹੀ ਟੀ-ਸ਼ਰਟ ਪਾਈ ਹੋਈ ਸੀ। ਉਹ ਆਪਣੇ 20ਵਿਆਂ ਤੋਂ 30ਵਿਆਂ ਵਿੱਚ ਲੱਗ ਰਿਹਾ ਸੀ। ਅਪਾਰਟਮੈਂਟ ਵਾਸੀਆਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਇੱਥੇ ਹਿੰਸਾ ਹੋ ਚੁੱਕੀ ਹੈ ਤੇ ਕੁੱਝ ਮਹੀਨੇ ਪਹਿਲਾਂ ਕਿਸੇ ਉੱਤੇ ਚਾਕੂ ਨਾਲ ਵੀ ਹਮਲਾ ਕੀਤਾ ਗਿਆ ਸੀ।

# ਟਰੂਡੋ ਵੱਲੋਂ ਕਦੋਂ ਸੰਤੁਲਿਤ ਕੀਤਾ ਜਾਵੇਗਾ ਬਜਟ?

ਓਟਵਾ, 18 ਨਵੰਬਰ (ਪੋਸਟ ਬਿਊਰੋ) : ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਦੇ ਆਗੂ ਤੇ ਸਰਕਾਰੀ ਵਿਰੋਧੀ ਧਿਰ ਦੇ ਨੇਤਾ ਐਂਡਰਿਊ ਸ਼ੀਅਰ ਅਤੇ ਕੰਜ਼ਰਵੇਟਿਵ ਸ਼ੈਡੋ ਮਨਿਸਟਰ ਫੌਰ ਫਾਇਨਾਂਸ ਪਿਏਰੇ ਪੋਇਲੀਵਰ ਵੱਲੋਂ ਲਿਬਰਲ ਸਰਕਾਰ ਦੇ ਆਰਥਿਕ ਬਿਆਨ ਤੇ ਕੰਜ਼ਰਵੇਟਿਵਾਂ ਵੱਲੋਂ ਪੇਸ਼ ਕੀਤੇ ਜਾਣ ਵਾਲੇ ਮਤੇ ਦੇ ਸਬੰਧਤ ਵਿੱਚ ਬਿਆਨ ਜਾਰੀ ਕੀਤਾ ਗਿਆ।

ਇਸ ਵਿੱਚ ਆਖਿਆ ਗਿਆ ਕਿ ਸਾਲ ਦੇ ਅਖੀਰ ਵਿੱਚ ਬੁੱਧਵਾਰ ਨੂੰ ਲਿਬਰਲ ਆਪਣਾ ਅਰਥਚਾਰੇ ਨਾਲ ਸਬੰਧਤ ਬਿਆਨ ਪੇਸ਼ ਕਰਨਗੇ। ਇਸ ਵਿੱਚ ਜੋ ਕੁੱਝ ਵੀ ਹੋਵੇ ਇੱਕ ਗੱਲ ਮਾਇਨੇ ਰੱਖਦੀ ਹੈ ਕਿ ਜਸਟਿਨ ਟਰੂਡੋ ਕੈਨੇਡੀਅਨਾਂ ਨੂੰ ਇਹ ਸਪਸ਼ਟ ਕਰਨ ਕਿ ਉਹ ਬਜਟ ਕਦੋਂ ਸੰਤੁਲਿਤ ਕਰਨਗੇ। ਉਨ੍ਹਾਂ ਦੀ ਸ਼ਾਹਖਰਚੀ ਲਈ ਭਵਿੱਖ ਦੀਆਂ ਪੀੜ੍ਹੀਆਂ ਨੂੰ ਤਾਂ ਨੁਕਸਾਨ ਨਹੀਂ ਝੱਲਣਾ ਪੈਣਾ ਚਾਹੀਦਾ।

ਜ਼ਿਕਰਯੋਗ ਹੈ ਕਿ ਟਰੂਡੋ ਇਹ ਆਖ ਚੁੱਕੇ ਹਨ ਕਿ ਉਹ ਸਾਲ ਦਾ 10 ਬਿਲੀਅਨ ਡਾਲਰ ਦਾ ਘਾਟਾ ਹੀ ਬਰਦਾਸ਼ਤ ਕਰਨਗੇ ਤੇ ਉਹ 2019 ਤੱਕ ਬਜਟ ਸੰਤੁਲਿਤ ਕਰ ਲੈਣਗੇ। ਪਰ ਉਨ੍ਹਾਂ ਵੱਲੋਂ ਆਪਣੇ ਸਾਰੇ ਵਾਅਦੇ ਤੋੜ ਦਿੱਤੇ ਗਏ। ਸਗੋਂ ਇਸ ਸਾਲ ਘਾਟਾ 20 ਬਿਲੀਅਨ ਡਾਲਰ ਨੂੰ ਅੱਪੜ ਗਿਆ ਹੈ, ਜੋ ਕਿ ਟਰੂਡ ਵੱਲੋਂ ਕੀਤੇ ਦਾਅਵੇ ਤੋਂ ਤਿੰਨ ਗੁਣਾ ਜ਼ਿਆਦਾ ਹੈ। ਉਹ ਕਰਜ਼ੇ ਦੇ ਰੂਪ ਵਿੱਚ 60 ਬਿਲੀਅਨ ਡਾਲਰ ਕੈਨੇਡੀਅਨਾਂ ਸਿਰ ਚੜ੍ਹਾ ਚੁੱਕੇ ਹਨ।

ਇਹ ਸਮਝਣ ਲਈ ਤੁਹਾਨੂੰ ਅਰਥਸ਼ਾਸਤਰੀ ਹੋਣ ਦੀ ਲੋੜ ਨਹੀਂ ਕਿ ਅੱਜ ਚੜ੍ਹਨ ਵਾਲਾ ਕਰਜ਼ਾ ਕੱਲ੍ਹ ਨੂੰ ਟੈਕਸਾਂ ਦੇ ਰੂਪ ਵਿੱਚ ਸਾਹਮਣੇ ਆਵੇਗਾ। ਕੈਨੇਡੀਅਨ ਵੀ ਇਹ ਜਾਣਦੇ ਹਨ ਕਿ ਅਜਿਹਾ ਹੋਣ ਦੀ ਸੂਰਤ ਵਿੱਚ ਉਨ੍ਹਾਂ ਦੇ ਬੱਚਿਆਂ ਨੂੰ ਹੀ ਆਉਣ ਵਾਲੇ ਸਮੇਂ ਵਿੱਚ ਤੰਗੀ ਭੁਗਤਣੀ ਹੋਵੇਗੀ। ਪਰ ਜਸਟਿਨ ਟਰੂਡੋ ਇਹੋ ਕੁੱਝ ਤਾਂ ਕਰ ਰਹੇ ਹਨ। ਟਰੂਡੋ ਨੇ ਇਹ ਕਦੇ ਵੀ ਨਹੀਂ ਆਖਿਆ ਕਿ ਉਹ ਕਦੋਂ ਬਜਟ ਸੰਤੁਲਤ ਕਰਨਗੇ। ਵਾਅਦੇ ਮੁਤਾਬਕ ਅਗਲੇ ਸਾਲ ਤੱਕ ਅਜਿਹਾ ਹੋ ਪਾਉਣਾ ਤਾਂ ਸੰਭਵ ਨਹੀਂ ਹੈ। ਇਸ ਹਫਤੇ ਕੰਜ਼ਰਵੇਟਿਵ ਹਾਊਸ ਆਫ ਕਾਮਨਜ਼ ਵਿੱਚ ਟਰੂਡੋ ਨੂੰ ਮਜਬੂਰ ਕਰਨਗੇ ਕਿ ਉਹ ਦੱਸਣ ਕਦੋਂ ਤੱਕ ਬਜਟ ਸੰਤੁਲਿਤ ਕੀਤਾ ਜਾਵੇਗਾ।

ਇਹ ਵੀ ਆਖਿਆ ਗਿਆ ਕਿ ਕੰਜ਼ਰਵੇਟਿਵ ਸਰਕਾਰ ਬਣਨ ਉੱਤੇ ਭਵਿੱਖ ਦੀਆਂ ਪੀੜ੍ਹੀਆਂ ਉੱਤੇ ਟਰੂਡੋ ਵੱਲੋਂ ਚੜ੍ਹਾਏ ਕਰਜ਼ੇ ਨੂੰ ਖ਼ਤਮ ਕੀਤਾ ਜਾਵੇਗਾ ਤੇ ਕੈਨੇਡਾ ਦੀ ਵਿੱਤੀ ਸਥਿਤੀ ਨੂੰ ਲੀਹ ਉੱਤੇ ਲਿਆਂਦਾ ਜਾਵੇਗਾ।



COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ੁਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ੁਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰ੍ਹੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਰਕ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋਂ ਇਲਾਜ ਹੈ।
NO SIDE EFFECTS
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

UK Truck Training Centre
Ministry Approved Private Carrier College
○ Automatic & Manual Trucks
● 1 on 1 Training
○ Forklift Training
Forklift $79 Recertification
Reach Truck
Counterbalance
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

ShefGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਫੋਰਡ ਵੱਲੋਂ ਫਰੈਂਚ ਭਾਸ਼ਾ ਨਾਲ ਸਬੰਧਤ ਯੂਨੀਵਰਸਿਟੀ ਦੀ ਯੋਜਨਾ ਰੱਦ ਕਰਨ 'ਤੇ ਸ਼ੀਅਰ ਨੇ ਪ੍ਰਗਟਾਈ ਚਿੰਤਾ




ਓਨਟਾਰੀਓ, 18 ਨਵੰਬਰ (ਪੋਸਟ ਬਿਊਰੋ) : ਐਂਡਰੀਊ ਸ਼ੀਅਰ ਦਾ ਕਹਿਣਾ ਹੈ ਕਿ ਫਰੈਂਚ ਲੈਂਗੁਏਜ ਦੀ ਬਣਾਈ ਜਾਣ ਵਾਲੀ ਯੂਨੀਵਰਸਿਟੀ ਦੀ ਯੋਜਨਾ ਰੱਦ ਕਰਨ ਦੇ ਸਬੰਧ ਵਿੱਚ ਉਨ੍ਹਾਂ ਵੱਲੋਂ ਓਨਟਾਰੀਓ ਦੇ ਪ੍ਰੀਮੀਅਰ ਕੋਲ ਚਿੰਤਾ ਪ੍ਰਗਟਾਈ ਗਈ ਹੈ। ਪਰ ਉਨ੍ਹਾਂ ਡੱਗ ਫੋਰਡ ਨੂੰ ਆਪਣਾ ਇਹ ਫੈਸਲਾ ਬਦਲਣ ਲਈ ਨਹੀਂ ਆਖਿਆ। ਐਤਵਾਰ ਨੂੰ ਇੱਕ ਨਿਊਜ਼ ਕਾਨਫਰੰਸ ਵਿੱਚ ਫੈਡਰਲ ਕੰਜ਼ਰਵੇਟਿਵ ਆਗੂ ਨੇ ਆਖਿਆ ਕਿ ਉਨ੍ਹਾਂ ਵੀਕੈਂਡ ਉੱਤੇ ਟੋਰਾਂਟੋ ਵਿੱਚ ਹੋਈ ਪ੍ਰੋਗਰੈਸਿਵ ਕੰਜ਼ਰਵੇਟਿਵ ਕਨਵੈਨਸ਼ਨ ਵਿੱਚ ਇਹ ਮੁੱਦਾ ਫੋਰਡ ਦੇ ਧਿਆਨ ਵਿੱਚ ਲਿਆਂਦਾ ਸੀ। ਪਰ ਆਖਿਰਕਾਰ ਇਹ ਫੈਸਲਾ ਪ੍ਰੀਮੀਅਰ ਵੱਲੋਂ ਹੀ ਲਿਆ ਜਾਣਾ ਹੈ। ਸ਼ੀਅਰ ਨੇ ਆਖਿਆ ਕਿ ਹੁਣ ਇਹ ਫੋਰਡ ਉੱਤੇ ਹੀ ਹੈ ਕਿ ਉਹ ਇਸ ਤਰ੍ਹਾਂ ਦੇ ਮੁੱਦੇ ਕਿਸ ਤਰ੍ਹਾਂ ਸਾਂਭਦੇ ਹਨ। ਉਨ੍ਹਾਂ ਆਖਿਆ ਕਿ ਫੋਰਡ ਨਾਲ ਹੋਈ ਗੱਲਬਾਤ ਵਿੱਚ ਉਨ੍ਹਾਂ ਇਹ ਵੀ ਸਮਝਾਇਆ ਸੀ ਕਿ 2019 ਵਿੱਚ ਜੇ ਉਹ ਪ੍ਰਧਾਨ ਮੰਤਰੀ ਬਣਦੇ ਹਨ ਤਾਂ ਉਹ ਦੇਸ਼ ਭਰ ਦੇ ਪ੍ਰੀਮੀਅਰਜ਼ ਨਾਲ ਰਲ ਕੇ ਇਹ ਯਕੀਨੀ ਬਣਾਉਣਗੇ ਕਿ ਫਰੈਂਚ ਭਾਸ਼ਾ ਸਬੰਧੀ ਸੇਵਾਵਾਂ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਕਾਰਨ ਪ੍ਰਭਾਵਿਤ ਨਾ ਹੋਣ।

ਜ਼ਿਕਰਯੋਗ ਹੈ ਕਿ ਫੋਰਡ ਸਰਕਾਰ ਨੇ ਇਹ ਐਲਾਨ ਕੀਤਾ ਸੀ ਕਿ ਉਹ ਇਸ ਯੂਨੀਵਰਸਿਟੀ ਦੀ ਯੋਜਨਾ ਰੱਦ ਕਰ ਦੇਣਗੇ। ਸਰਕਾਰ ਨੇ ਅਜੇ ਇਹ ਨਹੀਂ ਦੱਸਿਆ ਕਿ ਇਸ ਕਦਮ ਨਾਲ ਪੈਸੇ ਦੀ ਕਿੰਨੀ ਬਚਤ ਹੋਵੇਗੀ। ਇਸ ਯੂਨੀਵਰਸਿਟੀ ਦੀ ਯੋਜਨਾ ਸਾਬਕਾ ਲਿਬਰਲ ਸਰਕਾਰ ਵੱਲੋਂ 2017 ਵਿੱਚ ਐਲਾਨੀ ਗਈ ਸੀ। ਜੇ ਇਸ ਦਾ ਨਿਰਮਾਣ ਹੁੰਦਾ ਤਾਂ ਇਹ ਪ੍ਰੋਵਿੰਸ ਦੀ ਪਹਿਲੀ ਫਰੈਂਚ ਯੂਨੀਵਰਸਿਟੀ ਹੋਣੀ ਸੀ।

ਇਸ ਦੌਰਾਨ ਪਪੂਆ ਨਿਊ ਗਿਨੀਆ ਵਿੱਚ ਐਤਵਾਰ ਨੂੰ ਇੱਕ ਨਿਊਜ਼ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਵੀ ਫੋਰਡ ਦੇ ਇਸ ਕਦਮ ਦੀ ਨਿਖੇਧੀ ਕੀਤੀ ਗਈ। ਕੌਮਾਂਤਰੀ ਸਿਖਰ ਵਾਰਤਾ ਵਿੱਚ ਇੱਥੇ ਹਿੱਸਾ ਲੈਣ ਗਏ ਟਰੂਡੋ ਨੇ ਆਖਿਆ ਕਿ ਫੋਰਡ ਦੇ ਇਸ ਫੈਸਲੇ ਤੋਂ ਉਹ ਕਾਫੀ ਨਿਰਾਸ਼ ਹਨ। ਉਨ੍ਹਾਂ ਆਖਿਆ ਕਿ ਦੇਸ਼ ਭਰ ਵਿੱਚ ਸਰਕਾਰੀ ਭਾਸ਼ਾ ਨਾਲ ਸਬੰਧਤ ਘੱਟਗਿਣਤੀਆਂ ਤੇ ਫਰੈਂਚ ਭਾਸ਼ਾ ਦੀ ਹਿਫਾਜ਼ਤ ਉਨ੍ਹਾਂ ਲਈ ਤੇ ਉਨ੍ਹਾਂ ਦੀ ਸਰਕਾਰ ਲਈ ਬਹੁਤ ਮਾਇਨੇ ਰੱਖਦੀ ਹੈ।

## ਅਮਰੀਕੀ ਦੂਤ ਨੇ ਤਾਲਿਬਾਨ ਨਾਲ ਕਤਰ ਵਿੱਚ ਗੱਲ ਚਲਾਈ

ਇਸਲਾਮਾਬਾਦ, 18 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਦੂਤ ਜ਼ਾਲਮੇ ਖ਼ਲੀਲਜ਼ਾਦ ਨੇ ਖਾੜੀ ਦੇ ਦੇਸ਼ ਕਤਰ ਵਿੱਚ ਤਿੰਨ ਦਿਨ ਲਗਾਤਾਰ ਤਾਲਿਬਾਨ ਦੇ ਪ੍ਰਤੀਨਿਧਾਂ ਨਾਲ ਗੱਲਬਾਤ ਕੀਤੀ ਪਤਾ ਲੱਗੀ ਹੈ। ਅਫ਼ਗਾਨ ਅੱਤਵਾਦੀ ਤਾਲਿਬਾਨ ਦੇ ਸੰਗਠਨ ਦਾ ਕਤਰ ਵਿੱਚ ਬਾਕਾਇਦਾ ਸਿਆਸੀ ਦਫ਼ਤਰ ਹੈ। ਇਸ ਵਾਰਤਾ ਦਾ ਮਕਸਦ ਅਫ਼ਗਾਨ ਸ਼ਾਂਤੀ ਪ੍ਰਕਿਰਿਆ ਫਿਰ ਸ਼ੁਰੂ ਕਰਨਾ ਸੀ। ਅਮਰੀਕਾ ਨੇ 17 ਸਾਲ ਪਹਿਲਾਂ ਸਾਥੀ ਦੇਸ਼ਾਂ ਨਾਲ ਮਿਲ ਕੇ ਤਾਲਿਬਾਨ ਨੂੰ ਅਫ਼ਗਾਨਿਸਤਾਨ ਦੀ ਸੱਤਾ ਤੋਂ ਲਾਹ ਦਿੱਤਾ ਸੀ। ਉਦੋਂ ਤੋਂ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਤੇ ਅਮਰੀਕਾ ਵਿਚਾਲੇ ਜੰਗ ਚੱਲ ਰਹੀ ਹੈ।

ਤਾਲਿਬਾਨ ਨਾਲ ਜੁੜੇ ਸੂਤਰਾਂ ਨੇ ਅੱਜ ਐਤਵਾਰ ਦੱਸਿਆ ਕਿ ਤਾਲਿਬਾਨ ਦੀ ਸਰਕਾਰ ਵੇਲੇ ਅਫ਼ਗਾਨਿਸਤਾਨ ਦੇ ਹੇਰਾਤ ਸੂਬੇ ਦੇ ਗਵਰਨਰ ਰਹਿ ਚੁੱਕੇ ਖੈਰਉੱਲਾ ਖ਼ੈਰਖ਼ਵਾ ਅਤੇ ਤਾਲਿਬਾਨ ਦੇ ਸਾਬਕਾ ਫ਼ੌਜੀ ਕਮਾਂਡਰ ਮੁਹੰਮਦ ਫਜ਼ਲ ਨੇ ਅਮਰੀਕਾ ਨਾਲ ਇਸ ਵਾਰਤਾ ਵਿੱਚ ਹਿੱਸਾ ਲਿਆ ਹੈ। ਵਰਨਣ ਯੋਗ ਹੈ ਕਿ 2014 ਵਿੱਚ ਸਾਰਜੈਂਟ ਬੋਵੇ ਬੇਰਗਦਲ ਦੇ ਬਦਲੇ ਅਮਰੀਕਾ ਨੇ ਖੈਰਉੱਲਾ ਖ਼ੈਰਖ਼ਵਾ ਤੇ ਮੁਹੰਮਦ ਫਜ਼ਲ ਸਮੇਤ ਤਾਲਿਬਾਨ ਦੇ ਪੰਜ ਸੀਨੀਅਰ ਲੀਡਰਾਂ ਨੂੰ ਗੁਆਤੇਨਾਮੋ ਬੇਅ ਜੇਲ੍ਹ ਤੋਂ ਰਿਹਾਅ ਕੀਤਾ ਸੀ। ਤਾਲਿਬਾਨ ਨੇ 2009 ਵਿੱਚ ਸਾਰਜੈਂਟ ਬੋਵੇ ਨੂੰ ਅਗਵਾ ਕਰ ਲਿਆ ਸੀ।

ਅਫ਼ਗਾਨਿਸਤਾਨ ਵਿੱਚ ਅਗਲੇ ਸਾਲ 20 ਅਪ੍ਰੈਲ ਨੂੰ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ। ਸੂਤਰਾਂ ਦਾ ਕਹਿਣਾ ਹੈ ਕਿ ਤਾਲਿਬਾਨ ਇਨ੍ਹਾਂ ਚੋਣਾਂ ਨੂੰ ਟਾਲ਼ਣ ਦੇ ਨਾਲ ਇਕ ਨਿਰਪੱਖ ਨੇਤਾ ਦੀ ਅਗਵਾਈ 'ਚ ਕੱਚੀ ਸਰਕਾਰ ਬਣਾਉਣ ਦਾ ਦਬਾਅ ਬਣਾ ਰਹੇ ਹਨ। ਉਨ੍ਹਾਂ ਨੇ ਇਸ ਅਹੁਦੇ ਲਈ ਇਸਲਾਮਿਕ ਵਿਦਵਾਨ ਅਬਦੁਲ ਸੱਤਾਰ ਦਾ ਨਾਂ ਪੇਸ਼ ਕੀਤਾ ਹੈ। ਪਤਾ ਲੱਗਾ ਹੈ ਕਿ ਤਾਲਿਬਾਨ ਨੇ ਖ਼ਲੀਲਜ਼ਾਦ ਦੀ ਜੰਗਬੰਦੀ ਦੀ ਮੰਗ ਠੁਕਰਾ ਦਿੱਤੀ ਹੈ। ਖ਼ਲੀਲਜ਼ਾਦ ਛੇ ਮਹੀਨੇ ਅੰਦਰ ਸਮੱਸਿਆ ਦਾ ਹੱਲ ਚਾਹੁੰਦੇ ਹਨ। ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਵਾਰਤਾ ਦੀ ਪੁਸ਼ਟੀ ਕਰਨ ਤੋਂ ਇਨਕਾਰ ਕੀਤਾ ਹੈ।

## ਆਈ ਏ ਐਸ ਅਫਸਰ ਦੇ ਸਹੁਰੇ ਦਾ ਭੇਤਭਰੇ ਹਾਲਤ ਵਿਚ ਕਤਲ

ਰਾਜਪੁਰਾ, 18 ਨਵੰਬਰ, (ਪੋਸਟ ਬਿਊਰੋ)- ਰਾਜਪੁਰਾ-ਸਰਹਿੰਦ ਨੈਸ਼ਨਲ ਹਾਈਵੇ ਉੱਤੇ ਪਿੰਡ ਉਕਸੀ ਸੈਣੀਆਂ ਦੇ ਕੋਲ ਕਾਰ ਵਿੱਚ ਸਵਾਰ ਸੇਵਾ ਮੁਕਤ ਉੱਚ ਅਧਿਕਾਰੀ ਸਵਰਨ ਸਿੰਘ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਉਹ ਆਈ ਏ ਐਸ ਅਫਸਰ ਵਰੁਣ ਰੂਜਮ ਦੇ ਸਹੁਰਾ ਸਨ।

ਘਟਨਾ ਸਥਾਨ ਉਤੇ ਪੁੱਜੇ ਰਾਜਪੁਰਾ ਦੇ ਡੀ ਐਸ ਪੀ, ਕੇ ਕੇ ਪੈਂਥੇ ਨੇ ਦੱਸਿਆ ਕਿ ਸਵਰਨ ਸਿੰਘ ਵਾਟਰ ਸਪਲਾਈ ਵਿਭਾਗ ਤੋਂ ਉੱਚ ਅਧਿਕਾਰੀ ਵਜੋਂ ਸੇਵਾਮੁਕਤ ਹੋਏ ਸਨ ਤੇ ਰਾਜਪੁਰਾ ਨੇੜਲੇ ਆਪਣੇ ਜੱਦੀ ਪਿੰਡ ਉਕਸੀ ਸੈਣੀਆਂ ਵਿੱਚ ਸ਼ਹੀਦਾਂ ਦੀਆਂ ਸਮਾਧਾਂ ਉੱਤੇ ਮੱਥਾ ਟੇਕਣ ਆਏ ਸਨ। ਪੁਲੀਸ ਨੂੰ ਸ਼ੱਕ ਹੈ ਕਿ ਸ਼ਹੀਦਾਂ ਦੀਆਂ ਸਮਾਧਾਂ ਵਿਖੇ ਮੱਥਾ ਟੇਕਣ ਪਿੱਛੋਂ ਸਵੇਰੇ 11 ਕੁ ਵਜੇ ਜਦੋਂ ਉਹ ਸਵਿਫਟ ਕਾਰ ਵਿੱਚ ਚੰਡੀਗੜ੍ਹ ਲਈ ਰਾਜਪੁਰਾ-ਸਰਹਿੰਦ ਰੋਡ ਹੇਠਲੇ ਅੰਡਰ ਪਾਸ ਤੋਂ ਲੰਘ ਰਹੇ ਸਨ ਤਾਂ ਡਰਾਈਵਿੰਗ ਕਰਦੇ ਸਮੇਂ ਉਨ੍ਹਾਂ ਨੂੰ ਨੇੜਿਓਂ ਗੋਲੀਆਂ ਮਾਰੀਆਂ ਗਈਆਂ। ਕਾਰ ਬੇਕਾਬੂ ਹੋ ਕੇ ਖਤਾਨਾਂ ਵਿੱਚ ਜਾ ਉਤਰੀ। ਡੀ ਐਸ ਪੀ ਪੈਂਥੇ ਨੇ ਦੱਸਿਆ ਕਿ ਕਾਰ ਵਿੱਚੋਂ ਤਿੰਨ ਚੱਲੇ ਹੋਏ ਕਾਰਤੂਸ ਮਿਲੇ, ਪ੍ਰੰਤੂ ਪਿਸਤੌਲ ਨਹੀਂ ਮਿਲੀ, ਜਿਸ ਤੋਂ ਮਾਮਲਾ ਸ਼ੱਕੀ ਜਾਪਦਾ ਹੈ। ਫੋਰੈਂਸਿਕ ਲੈਬ ਦੇ ਮਾਹਿਰਾਂ ਦੀ ਟੀਮ ਨੇ ਜਾਂਚ ਆਰੰਭ ਕਰ ਦਿੱਤੀ ਹੈ। ਮ੍ਰਿਤਕ ਦੇ ਚਚੇਰੇ ਭਰਾ ਜਸਵਿੰਦਰ ਸਿੰਘ ਨੇ ਦੱਸਿਆ ਕਿ ਸਵਰਨ ਸਿੰਘ ਦੀ ਲੜਕੀ ਆਈ ਏ ਐਸ ਅਫਸਰ ਵਰੁਣ ਰੂਜਮ ਨਾਲ ਵਿਆਹੀ ਹੈ। ਪਿੰਡ ਦੀ ਮਹਿਲਾ ਸਰਪੰਚ ਸਰਬਜੀਤ ਕੌਰ ਦੇ ਪਤੀ ਹਰਬਿੰਦਰ ਸਿੰਘ ਨੇ ਦੱਸਿਆ ਕਿ ਸਵਰਨ ਸਿੰਘ 40 ਸਾਲ ਪਹਿਲਾਂ ਪਰਿਵਾਰ ਸਮੇਤ ਚੰਡੀਗੜ੍ਹ ਚਲੇ ਗਏ ਸਨ ਤੇ ਉਥੇ ਹੀ ਵਾਟਰ ਸਪਲਾਈ ਵਿਭਾਗ ਵਿੱਚ ਸੁਪਰਇਨਟੈਂਡਿੰਗ ਇੰਜੀਨੀਅਰ ਵਜੋਂ ਕਰੀਬ 10 ਸਾਲ ਪਹਿਲਾਂ ਨੌਕਰੀ ਤੋਂ ਸੇਵਾਮੁਕਤ ਹੋਏ ਸਨ।

## ਘੱਟ ਗਿਣਤੀ ਕਮਿਸ਼ਨ ਦੇ ਮੁਖੀ ਵੱਲੋਂ ਅਯੁੱਧਿਆ ਮੁੱਦਾ ਨਿਬੇੜਨ ਲਈ ਵਿਚੋਲਗੀ ਦੀ ਪੇਸ਼ਕਸ਼

ਨਵੀਂ ਦਿੱਲੀ, 18 ਨਵੰਬਰ, (ਪੋਸਟ ਬਿਊਰੋ)- ਅਯੁੱਧਿਆ ਮਾਮਲੇ ਵਿੱਚ ਦੋਵਾਂ ਧਿਰਾਂ ਵਿਚਾਲੇ ਮੁੱਦੇ ਦੇ ਨਿਬੇੜੇ ਲਈ ਦੇਸ਼ ਦੇ ਘੱਟ ਗਿਣਤੀਆਂ ਬਾਰੇ ਕੌਮੀ ਕਮਿਸ਼ਨ (ਐਨ ਸੀ ਐਮ) ਦੇ ਚੇਅਰਮੈਨ ਜੀ. ਹਸਨ ਰਿਜ਼ਵੀ ਨੇ ਵਿਚੋਲਗੀ ਦੀ ਪੇਸ਼ਕਸ਼ ਕਰਦਿਆਂ ਕਿਹਾ ਕਿ ਉਹ ਸਾਰੀਆਂ ਸਬੰਧਤ ਧਿਰਾਂ ਨਾਲ ਗੱਲ ਕਰਕੇ ਇਸ ਮੁੱਦੇ ਦਾ ਅਦਾਲਤ ਦੇ ਬਾਹਰ ਨਿਬੇੜ ਦੇ ਲਈ ਤਿਆਰ ਹਨ। ਇਸ ਮੌਕੇ ਰਿਜ਼ਵੀ ਨੇ ਮੁਸਲਮਾਨਾਂ ਨੂੰ ਉਚੇਚੀ ਅਪੀਲ ਕੀਤੀ ਕਿ ਹਿੰਦੂਆਂ ਲਈ ਇਹ ਮਸਲਾ ਧਰਮ ਨਾਲ ਜੁੜਿਆ ਹੋਇਆ ਹੈ, ਇਸ ਲਈ ਮੁਸਲਮਾਨ ਥੋੜ੍ਹਾ 'ਵੱਡਾ ਦਿਲ ਰੱਖਣ'।

ਇੱਕ ਖ਼ਬਰ ਏਜੰਸੀ ਨੂੰ ਦਿੱਤੀ ਉਚੇਚੀ ਇੰਟਰਵਿਊ ਵਿੱਚ ਜੀ. ਹਸਨ ਰਿਜ਼ਵੀ ਨੇ ਕਿਹਾ ਕਿ ਵਿਚੋਲਗੀ ਵੇਲੇ ਉਹ ਇਹ ਯਕੀਨੀ ਕਰਨਗੇ ਕਿ ਜੇ ਅਯੁੱਧਿਆ ਮਸਲੇ ਨੂੰ ਹੱਲ ਕਰਨ ਲਈ ਮੁਸਲਿਮ ਸਹਿਮਤ ਹੁੰਦੇ ਹਨ ਤਾਂ ਕਾਸ਼ੀ ਤੇ ਮਥੁਰਾ ਸਮੇਤ ਹੋਰ ਥਾਵਾਂ ਉੱਤੇ ਮਸਜਿਦਾਂ ਬਾਰੇ ਵਿਵਾਦ ਨਾ ਖੜਾ ਕੀਤਾ ਜਾਵੇ। ਰਿਜ਼ਵੀ ਨੇ ਕਿਹਾ ਕਿ ਕਮਿਸ਼ਨ ਨੇ 14 ਨਵੰਬਰ ਦੀ ਮਾਸਿਕ ਮੀਟਿੰਗ 'ਚ ਉਨ੍ਹਾਂ ਨੂੰ ਚੇਅਰਪਰਸਨ ਵਜੋਂ ਅਯੁੱਧਿਆ ਮਸਲੇ 'ਤੇ ਵਿਚੋਲਗੀ ਦਾ ਅਧਿਕਾਰ ਦਿੱਤਾ ਹੈ। ਉਨ੍ਹਾ ਕਿਹਾ, 'ਮੇਰਾ ਮੰਨਣਾ ਹੈ ਕਿ ਜਨਵਰੀ ਦੇ ਪਹਿਲੇ ਹਫ਼ਤੇ ਹੋ ਰਹੀ ਸੁਣਵਾਈ ਮੌਕੇ ਅਦਾਲਤੀ ਫ਼ੈਸਲਾ ਇਕ ਧਿਰ ਦੇ ਹੱਕ ਤੇ ਦੂਜੀ ਦੇ ਖ਼ਿਲਾਫ਼ ਜਾਏਗਾ, ਇਸ ਲਈ ਚੰਗਾ ਹੈ ਕਿ ਕੇਸ ਅਦਾਲਤ ਦੇ ਬਾਹਰ ਨਿਬੇੜ ਲਿਆ ਜਾਵੇ। ਇਸ ਦੀ ਪੇਸ਼ਕਸ਼ ਕਰਦੇ ਵਕਤ ਮੈਂ ਘੱਟ ਗਿਣਤੀ ਕਮਿਸ਼ਨ ਦੇ ਚੇਅਰਪਰਸਨ ਵਜੋਂ ਦੋਵਾਂ ਪੱਖਾਂ ਨੂੰ ਮਿਲ ਕੇ ਅਦਾਲਤ ਤੋਂ ਬਾਹਰ ਹੱਲ ਲੱਭਣ ਦੀ ਕੋਸ਼ਿਸ਼ ਕਰਾਂਗਾ।' ਉਨ੍ਹਾਂ ਕਿਹਾ ਕਿ ਜੇ ਕੇਸ ਅਦਾਲਤ ਦੇ ਬਾਹਰ ਸਤਿਕਾਰ ਨਾਲ ਨਜਿੱਠਿਆ ਜਾਂਦਾ ਹੈ ਤਾਂ ਦੋਵਾਂ ਧਿਰਾਂ ਨੂੰ ਖੁਸ਼ੀ ਹੋਵੇਗੀ ਅਤੇ ਪਾੜਾ ਪੂਰਿਆ ਜਾਵੇਗਾ। ਰਿਜ਼ਵੀ ਨੇ ਕਿਹਾ ਕਿ ਉਹ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਕਾਰਜਕਾਰੀ ਮੁਖੀ ਆਲੋਕ ਕੁਮਾਰ ਨੂੰ ਮਿਲਣਗੇ। ਉਨ੍ਹਾਂ ਨੇ ਮੁਸਲਿਮ ਪਰਸਨਲ ਲਾਅ ਬੋਰਡ ਦੇ ਮੈਂਬਰਾਂ, ਸੁੰਨੀ ਵਕਫ਼ ਬੋਰਡ ਦੇ ਅਹੁਦੇਦਾਰਾਂ ਤੇ ਇਸਲਾਮੀ ਬੁੱਧੀਜੀਵੀਆਂ ਨੂੰ ਮਿਲ ਕੇ ਮਸਲਾ ਵਿਚਾਰਨ ਦੀ ਗੱਲ ਵੀ ਆਖੀ ਹੈ।

## ਅਮਰੀਕੀ ਸਿੱਖ ਕੈਬ ਡਰਾਈਵਰ ਗਗਨਦੀਪ ਸਿੰਘ ਨੂੰ ਮਾਰਨ ਦੇ ਦੋਸ਼ੀ ਨੇ ਦੋਸ਼ ਕਬੂਲਿਆ


ਕੈਬ ਡਰਾਈਵਰ ਗਗਨਦੀਪ ਸਿੰਘ

ਵਾਸ਼ਿੰਗਟਨ, 18 ਨਵੰਬਰ (ਹੁਸਨ ਲੜੋਆ ਬੰਗਾ):ਵਾਸ਼ਿੰਗਟਨ ਦੇ ਇਕ ਵਿਅਕਤੀ ਨੂੰ ਉੱਤਰੀ ਇਡਾਹੋ ਵਿੱਚ ਵਾਸ਼ਿੰਗਟਨ ਕੈਬ ਡਰਾਇਵਰ ਦੇ ਕਤਲ ਦੀ ਮੌਤ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਹੈ।ਬੋਨਰ ਕਾਊਂਟੀ ਦੀ ਰਿਪੋਰਟ ਚ ਕਿਹਾ ਗਿਆ ਹੈ ਕਿ ਇਸਤਗਾਸਾ ਧਿਰ ਨੇ 21 ਸਾਲ ਦੇ ਜੈਕਬ ਕੋਰਬਨ ਕੋਲਮੈਨ ਦੀ ਮੌਤ ਦੀ ਸਜ਼ਾ ਨੂੰ ਘਟਾ ਦਿੱਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਕੋਲਮੈਨ ਨੇ ਅਗਸਤ 2017 ਵਿਚ ਇਕ ਕੈਬ ਅਤੇ ਸਪੋਕੇਨ ਦੇ ਵਸਨੀਕ 22 ਸਾਲਾ ਗਗਨਦੀਪ ਸਿੰਘ ਨੇ ਸਪੋਕੇਨ ਇੰਟਰਨੈਸ਼ਨਲ ਏਅਰਪੋਰਟ 'ਤੋਂ ਚੁੱਕਿਆ ਸੀ। ਅਧਿਕਾਰੀਆਂ ਨੇ ਕਿਹਾ ਕਿ ਕੋਲਮੈਨ ਨੇ ਪੁਲਸ ਨੂੰ ਦੱਸਿਆ ਕਿ ਉਹ ਇੱਕ ਆਤਮਘਾਤੀ ਹੋ ਗਿਆ ਸੀ ਅਤੇ ਇੱਕ ਸਟੋਰ 'ਤੇ ਸਟਾਪ ਦੌਰਾਨ ਇੱਕ ਚਾਕੂ ਖਰੀਦਿਆ।ਪੁਲੀਸ ਮੁਤਾਬਕ ਕਹਾਣੀ ਇਵੇਂ ਹੋਈ ਕਿ ਕੋਲੇਮੈਨ ਗੋਨਜੇਗਾ ਯੂਨੀਵਰਸਿਟੀ ਦੀਆਂ ਕਲਾਸਾਂ ਲਈ ਸਿਆਟਲ ਤੋਂ ਸਪੋਕੇਨ ਪਹੁੰਚਿਆ, ਪਰ ਉਸਨੂੰ ਦਾਖਲਾ ਨਹੀਂ ਮਿਲਿਆ ਫਿਰ ਉਸਨੇ ਬੱਸ ਵਾਪਸ ਹਵਾਈ ਅੱਡੇ ਤੋਂ ਲੈ ਲਈ, ਅਤੇ ਉਸ ਨੂੰ ਉਬਰ ਟੈਕਸੀ ਨਹੀਂ ਮਿਲੀ ਤਾਂ ਕੋਲਮੈਨ ਨੇ ਇਕ ਹੋਰ ਟੈਕਸੀ ਕੰਪਨੀ ਦੀ ਕਾਰ ਬੁਲਾ ਲਈ ਅਤੇ ਜਿਸਨੇ ਸਿੰਘ ਨੂੰ ਭੇਜਿਆ ਤੇ ਕਰੀਬ 75 ਮੀਲ ਦੀ ਸਫ਼ਰ 'ਤੇ ਕੋਲਮੈਨ ਨੇ ਸਿੰਘ ਨੂੰ ਕਿਹਾ ਕਿ ਉਹ ਉਸਨੂੰ ਵਾਲਮਾਰਟ ਸਟੋਰ ਵਿਚ ਲਾਹ ਦੇਵੇ ਉੱਥੇ ਉਸ ਨੇ ਇਕ ਸ਼ਿਕਾਰ ਕਰਨ ਵਾਲਾ ਚਾਕੂ ਖਰੀਦਿਆ ਦੋਵਾਂ ਫਿਰ ਸਫਰ ਜਾਰੀ ਰੱਖਿਆ, ਅਤੇ ਕਲਾਰਕ, ਇਡਾਹੋ ਵਿਚ ਇਕ ਕੋਨੋਕੋ ਗੈਸ ਸਟੇਸ਼ਨ 'ਤੇ ਰੋਕ ਲਿਆ ਜਿੱਥੇ ਕੋਲੇਮਨ ਨੇ ਸਿੰਘ' ਤੇ ਚਾਕੂ ਨਾਲ ਹਮਲਾ ਕੀਤਾ ਤੇ ਗਗਨਦੀਪ ਸਿੰਘ ਦੀ ਮੌਤ ਹੋ ਗਈ।ਇਸ ਮੌਕੇ ਪੁਲਿਸ ਨੇ ਕੋਲੇਮੈਨ ਨੂੰ ਕੈਬ ਵਿਚੋਂ ਚਾਕੂ ਨਾਲ ਮ੍ਰਿਤਕ ਸਿੰਘ ਨਾਲ ਰੰਗੇ ਹੱਥੀ ਫੜਿਆ।ਕੋਲਮੈਨ ਨੇ ਪੁਲਿਸ ਜਾਂਚਕਾਰਾਂ ਨੂੰ ਕਿਹਾ ਸੀ: "ਮੈਂ ਉਸ ਤੇ ਇੱਕ ਜੰਗਲੀ ਜਾਨਵਰ ਵਾਂਗ ਹਮਲਾ ਕੀਤਾ."ਕੈਬ ਡਰਾਈਵਰ ਗਗਨਦੀਪ ਸਿੰਘ ਦੇ ਅੰਤਮ ਸੰਸਕਾਰ 'ਤੇ ਸੈਕੜੇ ਲੋਕਾਂ ਤੋਂ ਇਲਾਵਾ ਦਰਜਨਾਂ ਕੈਬ-ਡ੍ਰਾਈਵਰਜ਼ ਨੇ ਸ਼ਰਧਾਂਜਲੀ ਭੇਟ ਕੀਤੀ। ਉਸ ਨੇ ਸਾਲ ਬਾਅਦ ਵਿੱਚ ਨਿਊ ਓਰਲੀਨਜ਼ ਵਿੱਚ ਯੂਨੀਵਰਸਿਟੀ ਵਿੱਚ ਜਾਣਾ ਸੀ।ਕੈਬ ਡਰਾਈਵਰ ਗਗਨਦੀਪ ਸਿੰਘ ਦਾ ਜਨਮ 31 ਮਾਰਚ 1995 ਨੂੰ ਜਲੰਧਰ ਵਿਚ ਹੋਇਆ ਸੀ. ਉਹ ਆਪਣੇ ਪਰਿਵਾਰ ਨਾਲ 2003 ਵਿੱਚ ਸਿਆਟਲ ਆ ਗਿਆ, ਫਿਰ 2007 ਵਿੱਚ ਸਪੋਕੇਨ ਰਹਿਣ ਲੱਗ ਗਿਆ।

# ਏਪੈੱਕ ਦੇਸ਼ਾਂ ਦਾ ਸੰਮੇਲਨ ਚੀਨੀ-ਅਮਰੀਕੀ ਆਗੂਆਂ ਦੇ ਟਕਰਾਊ ਭਾਸ਼ਣਾਂ ਨੇ ਡੋਬ ਦਿੱਤਾ

### * ਪਹਿਲੀ ਵਾਰ ਰਸਮੀ ਸਾਂਝੇ ਐਲਾਨ ਤੋਂ ਬਿਨਾਂ ਸੰਮੇਲਨ ਖਤਮ



ਪੋਰਟ ਮੋਰਸਬੀ, 18 ਨਵੰਬਰ, (ਪੋਸਟ ਬਿਊਰੋ)- ਏਸ਼ੀਆ-ਪੈਸੇਫਿਕ ਖੇਤਰ ਵਿੱਚ ਆਰਥਿਕ ਸਹਿਯੋਗ (ਏਪੈਕ) ਨਾਲ ਸਬੰਧਤ 21 ਦੇਸ਼ਾਂ ਦਾ ਸਾਂਝਾ ਸਿਖਰ ਸੰਮੇਲਨ ਅਮਰੀਕਾ ਤੇ ਚੀਨ ਦੀ ਵਪਾਰ ਦੀ ਸਰਦਾਰੀ ਵਾਲੀ ਸ਼ਬਦੀ ਜੰਗ ਦੀ ਭੇਟ ਚੜ੍ਹ ਕੇ ਖਤਮ ਹੋ ਗਿਆ। ਦੋ ਸੰਸਾਰ ਤਾਕਤਾਂ ਵਿਚਾਲੇ ਰੇੜਕੇ ਕਾਰਨ ਸੰਮੇਲਨ ਵਿਚਲੇ ਦੇਸ਼ ਵਧਦੇ ਪਾੜੇ ਨੂੰ ਪੂਰਨ ਵਿੱਚ ਨਾਕਾਮ ਰਹੇ। ਵਪਾਰ ਨੀਤੀ ਬਾਰੇ ਵਖਰੇਵਿਆਂ ਦੇ ਦੌਰਾਨ ਇਤਿਹਾਸ ਵਿੱਚ ਪਹਿਲੀ ਵਾਰ ਏਪੈੱਕ ਗਰੁੱਪ ਦੇ ਆਗੂ ਆਪਣੇ ਸਾਂਝੇ ਲਿਖਤੀ ਐਲਾਨਨਾਮੇ ਦੀ ਰਸਮ ਨਿਭਾਉਣ ਵਿੱਚ ਵੀ ਨਾਕਾਮ ਰਹੇ।

ਪਪੂਆ ਨਿਊ ਗਿਨੀ ਵਿੱਚ ਪਹਿਲੀ ਵਾਰ ਹੋਇਆ ਇਹ ਸਾਲਾਨਾ ਇਕੱਠ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਅਮਰੀਕਾ ਦੇ ਉਪ ਰਾਸ਼ਟਰਪਤੀ ਮਾਈਕ ਪੈਂਸ ਦੇ ਭਾਸ਼ਣਾਂ ਨਾਲ ਡੁੱਬ ਗਿਆ। ਦੋਵਾਂ ਨੇ ਭਾਸ਼ਣ ਦੌਰਾਨ ਖਿੱਤੇ ਵਿੱਚ ਆਪਣੇ ਦਾਬੇ ਲਈ ਇਕ ਦੂਜੇ ਤੋਂ ਵਧ ਚੜ੍ਹ ਕੇ ਦਾਅਵੇ ਕੀਤੇ। ਪੈਂਸ ਨੇ ਇਹ ਚਿਤਾਵਨੀ ਦਿੱਤੀ ਕਿ ਛੋਟੇ ਦੇਸ਼ ਚੀਨ ਦੇ ਬੁਨਿਆਦੀ ਢਾਂਚੇ ਨਾਲ ਸਬੰਧਤ ਪ੍ਰਾਜੈਕਟ 'ਇਕ ਰੋਡ ਇਕ ਪੱਟੀ' ਨਾਲ ਕੁਰਾਹੇ ਨਾ ਪੈਣ। ਉਨ੍ਹਾਂ ਨੇ ਦੇਸ਼ਾਂ ਨੂੰ ਇਹ ਅਪੀਲ ਕਰ ਦਿੱਤੀ ਕਿ ਉਹ ਅਮਰੀਕਾ ਨਾਲ ਜੁੜਨ, ਕਿਉਂਕਿ ਉਹ ਆਪਣੇ ਭਾਈਵਾਲਾਂ ਨੂੰ ਕਰਜ਼ੇ ਦੇ ਸਮੁੰਦਰ ਵਿੱਚ ਨਹੀਂ ਡੋਬਦਾ। ਦੂਸਰੇ ਪਾਸੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਮਾਈਕ ਪੈਂਸ ਤੋਂ ਪਹਿਲਾਂ ਕਾਰੋਬਾਰੀ ਆਗੂਆਂ ਨੂੰ ਸੰਬੋਧਨ ਕਰਨ ਮੌਕੇ ਜ਼ੋਰ ਦਿੰਦਿਆਂ ਕਿਹਾ ਕਿ 'ਇਕ ਪੱਟੀ ਇਕ ਰੋਡ' ਪ੍ਰਾਜੈਕਟ ਕੁੜਿੱਕੀ ਵਿੱਚ ਫਸਾਉਣ ਦਾ ਯਤਨ ਨਹੀਂ ਤੇ ਨਾ ਇਸ ਪਿੱਛੇ ਕੋਈ ਲੁਕਵਾਂ ਏਜੰਡਾ ਹੈ। ਸ਼ੀ ਨੇ ਵਪਾਰ ਬਾਰੇ 'ਅਮਰੀਕਾ ਫਸਟ' ਦੇ ਸੱਦੇ ਨੂੰ ਸੌੜੀ ਸੋਚ ਦੱਸਿਆ।

ਵਰਨਣ ਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਵੱਲੋਂ ਸਿਖਰ ਸੰਮੇਲਨ ਤੋਂ ਲਾਂਭੇ ਹੋਣ ਕਰ ਕੇ ਸਾਰਾ ਧਿਆਨ ਸ਼ੀ ਜਿਨਪਿੰਗ ਵੱਲ ਸੀ, ਜਿਹੜੇ ਦੋ ਦਿਨ ਪਹਿਲਾਂ ਇਥੇ ਪੁੱਜ ਗਏ ਸਨ।

## ਕਾਂਗਰਸੀ ਆਗੂ ਦੇ ਦੋ ਪੁੱਤਰਾਂ ਨੂੰ ਦੋ-ਦੋ ਸਾਲ ਦੀ ਕੈਦ

ਫਰੀਦਕੋਟ, 18 ਨਵੰਬਰ (ਪੋਸਟ ਬਿਊਰੋ)- ਪੈਟਰੋਲ ਪੰਪ ਵੇਚਣ ਦੇ ਨਾਂ ਉਤੇ ਐਨ ਆਰ ਆਈ ਨਾਲ ਧੋਖਾਧੜੀ ਦੇ ਦੋਸ਼ ਵਿੱਚ ਕਾਂਗਰਸੀ ਆਗੂ ਸੁਰਜੀਤ ਸਿੰਘ ਢਿੱਲੋਂ ਦੇ ਦੋ ਪੁੱਤਰਾਂ ਅਤੇ ਇਕ ਭਤੀਜੇ ਨੂੰ ਚੀਫ ਜੁਡੀਸ਼ਲ ਮੈਜਿਸਟਰੇਟ ਕਪਿਲ ਦੇਵ ਸਿੰਗਲਾ ਦੀ ਅਦਾਲਤ ਨੇ 2-2 ਸਾਲ ਕੈਦ ਤੇ 5-5 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਕੀਤੀ ਹੈ।

ਪਿੰਡ ਕੰਮੇਆਣਾ ਦੇ ਹਰਪਾਲ ਸਿੰਘ ਨੇ ਅਦਾਲਤ 'ਚ ਸੁਰਜੀਤ ਸਿੰਘ ਢਿੱਲੋਂ ਦੇ ਪੁੱਤਰ ਗੁਰਵਿੰਦਰ ਸਿੰਘ ਢਿੱਲੋਂ, ਹਰਜਿੰਦਰ ਸਿੰਘ ਢਿੱਲੋਂ, ਭਤੀਜੇ ਅਤੇ ਇਕ ਕੁੜੀ ਖਿਲਾਫ ਕੇਸ ਦਰਜ ਕਰਵਾਇਆ ਸੀ। ਗੁਰਵਿੰਦਰ ਸਿੰਘ ਢਿੱਲੋਂ ਆਦਿ ਨੇ ਉਨ੍ਹਾਂ ਨਾਲ ਕੰਮੇਆਣਾ ਦੇ ਇੰਡੀਅਨ ਆਇਲ ਦਾ ਪੈਟਰੋਲ ਪੰਪ ਤੇ ਤਿੰਨ ਕਨਾਲ ਜ਼ਮੀਨ ਵੇਚਣ ਦਾ ਸਾਢੇ 41 ਲੱਖ ਵਿੱਚ ਸੌਦਾ ਕੀਤਾ ਸੀ, ਜਿਸ ਲਈ ਉਨ੍ਹਾਂ ਨੇ 10 ਲੱਖ ਰੁਪਏ ਲੈ ਕੇ ਐਗਰੀਮੈਂਟ ਕੀਤਾ ਸੀ। ਇੰਡੀਅਨ ਆਇਲ ਕੰਪਨੀ ਨੇ ਸਪੱਸ਼ਟ ਕੀਤਾ ਕਿ ਪੈਟਰੋਲ ਪੰਪ ਨੂੰ ਕਿਸੇ ਹੋਰ ਦੇ ਨਾਂ ਟਰਾਂਸਫਰ ਕਰਨ ਦਾ ਕੋਈ ਰਸਤਾ ਨਹੀਂ ਹੁੰਦਾ। ਮੁਲਜ਼ਮਾਂ ਨੇ ਤਿੰਨ ਕਨਾਲ ਜ਼ਮੀਨ ਦੀ ਰਜਿਸਟਰੀ ਤਾਂ ਉਸ ਦੇ ਨਾਂ ਕਰਵਾ ਦਿੱਤੀ, ਪਰ ਪੰਪ ਨੂੰ ਉਹ ਉਸ ਦੇ ਨਾਂ ਨਹੀਂ ਕਰਵਾ ਸਕੇ।







Paramjit Deol Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today

**BRAMPTON $89,000**
Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

**HAMILTON $25/Sq Ft.**

135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

**BRAMPTON $2,500**

85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

**BRAMPTON $54,900**

255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

**BRAMPTON $249,000**
Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜ਼ਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੌਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

**PICKERING $59,000**

1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ। ਹਾਈ ਟਰੇਫਿਕ ਫਲੌਂ, ਅੱਜ ਹੀ ਕਾਲ ਕਰੋ।

**BRAMPTON $541,800**

Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਊਸ, ਕੁਆਰਟਜ਼ ਕਾਊਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

**AJAX $169,900**
Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋਂ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜ਼ਾ ਅਤੇ ਆਮਦਨ $25,000/ਮਹੀਨਾ।

**KITCHENER $369,999**

Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਊਨ ਹਾਊਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

**TORONTO $508,775**

Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

**BRAMPTON $629,000**

60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

**TORONTO $825,000**

Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

**BRAMPTON $179,000**
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੌਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੌਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

**TORONTO $944,000**

Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

**BRAMPTON $849,000**

Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੌਰ, ਰੈਨੋਵੇਟਡ ਬੇਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

**CALEDON $1,009,999**

Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੌਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

## ਮੱਕੇ ਵਿੱਚ ਤਿਰੰਗੇ ਨਾਲ ਸੈਲਫੀ ਲੈਣ ਵਾਲੇ ਪਿਓ-ਪੁੱਤ ਗ੍ਰਿਫਤਾਰੀ ਪਿੱਛੋਂ ਰਿਹਾਅ

ਮੱਕਾ, 18 ਨਵੰਬਰ (ਪੋਸਟ ਬਿਊਰੋ)- ਮੱਕਾ ਦੇ ਹਰਮ ਵਿਚ ਤਿਰੰਗੇ ਨਾਲ ਸੈਲਫੀ ਲੈਣ ਦੇ ਦੋਸ਼ ਵਿਚ ਭਾਰਤੀ ਪਿਤਾ-ਪੁੱਤਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਬਾਅਦ ਵਿੱਚ ਭਾਰਤੀ ਕੌਂਸਲ ਜਨਰਲ ਦੇ ਦਖਲ ਨਾਲ 12 ਸਾਲ ਬੇਟੇ ਉਜ਼ੈਰ ਅਲੀ ਨੂੰ ਤੁਰੰਤ ਛੱਡ ਦਿੱਤਾ ਗਿਆ ਅਤੇ 45 ਸਾਲਾ ਪਿਤਾ ਇਮਤਿਆਜ਼ ਅਲੀ ਸੈਯਦ ਨੂੰ ਕੱਲ੍ਹ ਛੱਡਿਆ ਗਿਆ। ਮੀਡੀਆ ਰਿਪੋਰਟਾਂ ਮੁਤਾਬਕ ਇਮਤਿਆਜ਼ ਅਲੀ ਸੈਯਦ ਆਪਣੀ ਪਤਨੀ ਅਤੇ ਦੋ ਬੱਚਿਆਂ ਨਾਲ ਸੋਮਵਾਰ ਮੱਕਾ ਨੂੰ ਗਏ ਸੀ।

ਦੂਤਘਰ ਨੇ ਟਵਿੱਟਰ ਉੱਤੇ ਭਾਰਤੀ ਲੋਕਾਂ ਨੂੰ ਜਾਣਕਾਰੀ ਦਿੱਤੀ ਕਿ ਹਰਮ ਇਲਾਕੇ ਵਿਚ ਝੰਡੇ ਨਾਲ ਤਸਵੀਰ ਲੈਣ ਉੱਤੇ ਪਾਬੰਦੀ ਹੈ। ਪਿਤਾ-ਪੁੱਤਰ ਗੁਜਰਾਤ ਦੇ ਵਡੋਦਰਾ ਦੇ ਰਹਿਣ ਵਾਲੇ ਹਨ ਅਤੇ ਉਨ੍ਹਾਂ ਨੂੰ ਸਥਾਨਕ ਅਦਾਲਤ ਵਿਚ ਪੇਸ਼ ਕਰਨ ਪਿੱਛੋਂ ਜਮਾਨਤ 'ਤੇ ਛੱਡਿਆ ਗਿਆ। ਘਟਨਾ ਪਿੱਛੋਂ ਜੇਦਾ ਵਿਚ ਭਾਰਤੀ ਮਿਸ਼ਨ ਨੇ ਟਵੀਟ ਕੀਤਾ, 'ਹਾਂ ਸਾਨੂੰ ਇਸ ਦੀ ਜਾਣਕਾਰੀ ਹੈ। ਇਹ ਘਟਨਾ ਮੱਕਾ ਦੇ ਹਰਮ ਵਿਚ ਹੋਈ। ਇਸ ਇਲਾਕੇ ਵਿਚ ਝੰਡਾ ਲਹਿਰਾਉਣ ਉੱਤੇ ਪਾਬੰਦੀ ਹੈ। ਸਾਡੇ ਅਧਿਕਾਰੀ ਨੇ ਇਮਤਿਆਜ਼ ਅਲੀ ਅਤੇ ਉਸ ਦੇ ਬੇਟੇ ਉਜ਼ੈਰ ਅਲੀ ਨਾਲ ਹਰਮ ਪੁਲਸ ਥਾਣੇ ਵਿਚ ਮੁਲਾਕਾਤ ਕੀਤੀ। ਸਾਡੇ ਦਖਲ ਦੇ ਬਾਅਦ ਉਜ਼ੈਰ ਅਲੀ ਨੂੰ ਤੁਰੰਤ ਰਿਹਾਅ ਕਰ ਦਿੱਤਾ ਗਿਆ।' ਮਿਸ਼ਨ ਨੇ ਅੱਗੇ ਟਵੀਟ ਕੀਤਾ, 'ਸਾਡੇ ਸਮਾਂ ਰਹਿੰਦੇ ਦਖਲ ਨਾਲ ਇਮਤਿਆਜ਼ ਨੂੰ ਵੀ ਛੱਡ ਦਿੱਤਾ ਗਿਆ।

## ਗੋਲੀ ਕਾਂਡ ਦੀ ਪੁੱਛ-ਗਿੱਛ ਮਗਰੋਂ ਬਾਦਲ ਨੇ ਕਿਹਾ, ਮੈਂ ਤਾਂ ਗੋਲੀ ਚਲਾਉਣ ਨੂੰ ਨਹੀਂ ਸੀ ਕਿਹਾ



ਚੰਡੀਗੜ੍ਹ, 18 ਨਵੰਬਰ, (ਪੋਸਟ ਬਿਊਰੋ)- ਐਡੀਸ਼ਨਲ ਡੀ ਜੀ ਪੀ ਪ੍ਰਬੋਧ ਕੁਮਾਰ ਦੀ ਅਗਵਾਈ ਹੇਠਲੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਅੱਜ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਅਕਾਲੀ-ਭਾਜਪਾ ਸਰਕਾਰ ਸਮੇਂ 2015 ਵਿੱਚ ਫ਼ਰੀਦਕੋਟ ਜ਼ਿਲ੍ਹੇ ਵਿੱਚ ਗੁਰੂ ਗ੍ਰੰਥ ਸਹਿਬ ਦੀ ਬੇਅਦਬੀ ਅਤੇ ਪੁਲੀਸ ਗੋਲੀ ਕਾਂਡ ਨਾਲ ਸਬੰਧਤ ਕੇਸਾਂ ਵਿੱਚ ਕਰੀਬ ਪੌਣਾ ਘੰਟਾ ਪੁੱਛ-ਗਿੱਛ ਕੀਤੀ। ਜਾਣਕਾਰ ਸੂਤਰਾਂ ਦੇ ਮੁਤਾਬਕ ਬਾਦਲ ਨੇ ਸਵਾਲਾਂ ਦੇ ਜਵਾਬ ਵਿੱਚ ਆਪਣੀ ਸਰਕਾਰ ਵੇਲੇ ਹੋਈ ਕਾਰਵਾਈ ਅਤੇ ਖਾਸ ਕਰ ਵਿਸ਼ੇਸ਼ ਜਾਂਚ ਟੀਮ ਬਣਾ ਕੇ ਜਾਂਚ ਕਰਨ ਬਾਰੇ ਜਵਾਬ ਦਿੱਤੇ।

ਪਤਾ ਲੱਗਾ ਹੈ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਕੋਟਕਪੂਰਾ ਗੋਲੀ ਕਾਂਡ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਬਾਰੇ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਦੀ ਜਾਂਚ ਰਿਪੋਰਟ ਵਿੱਚ ਜ਼ਾਹਰ ਹੋਏ ਤੱਥਾਂ ਬਾਰੇ ਵੀ ਸਵਾਲ ਪੁੱਛੇ ਗਏ। 'ਸਿੱਟ' ਨੇ ਓਦੋਂ ਦੇ ਪੁਲਸ ਮੁਖੀ ਨਾਲ ਹੋਈ ਗੱਲਬਾਤ ਦਾ ਵੇਰਵਾ ਦੇਣ ਨੂੰ ਵੀ ਕਿਹਾ। ਬਾਦਲ ਨੇ ਜਾਂਚ ਟੀਮ ਦੇ ਮੈਂਬਰਾਂ ਨੂੰ ਸਾਫ ਕਿਹਾ ਕਿ ਗੋਲੀ ਚਲਾਉਣ ਲਈ ਪੁਲੀਸ ਨੂੰ ਮੈਂ ਨਹੀਂ ਸੀ ਕਿਹਾ।

ਅੱਜ ਦੀ ਪੁੱਛਗਿੱਛ ਤੋਂ ਬਾਅਦ ਦੀ ਪ੍ਰੈੱਸ ਕਾਨਫਰੰਸ ਵਿੱਚ ਹਾਜ਼ਰ ਪੱਤਰਕਾਰਾਂ ਦੇ ਦੱਸਣ ਮੁਤਾਬਕ ਧਾਰਮਿਕ ਅਤੇ ਸੰਵੇਦਨਸ਼ੀਲ ਕੇਸ ਵਿੱਚ ਪਹਿਲੀ ਵਾਰ ਪੁੱਛ-ਗਿੱਛ ਹੋਣ ਕਰਕੇ ਪ੍ਰਕਾਸ਼ ਸਿੰਘ ਬਾਦਲ ਦੇ ਚਿਹਰੇ ਤੋਂ ਚਿੰਤਾ ਦੀਆਂ ਲਕੀਰਾਂ ਸਾਫ਼ ਦਿਖਾਈ ਦੇਂਦੀਆਂ ਸਨ। ਇਸ ਵੇਲੇ ਆਪਣੇ ਬਾਪ ਦੇ ਨਾਲ ਮੌਜੂਦ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਘਬਰਾਹਟ ਵਿੱਚ ਜਾਪਦੇ ਸਨ। ਅਕਾਲੀ ਦਲ ਦੇ ਸੀਨੀਅਰ ਆਗੂ ਵੀ ਵੱਡੀ ਗਿਣਤੀ ਵਿੱਚ ਓਥੇ ਹਾਜ਼ਰ ਸਨ। ਸਾਬਕਾ ਮੁੱਖ ਮੰਤਰੀ ਬਾਦਲ ਨੇ ਜਾਂਚ ਟੀਮ ਨੂੰ ਪੁੱਛ-ਗਿੱਛ ਲਈ ਢਾਈ ਵਜੇ ਦਾ ਸਮਾਂ ਦਿੱਤਾ ਹੋਣ ਕਾਰਨ ਆਈ ਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਮਿਥੇ ਸਮੇਂ ਚੰਡੀਗੜ੍ਹ ਸੈਕਟਰ 4 ਵਿੱਚ ਵੱਡੇ ਬਾਦਲ ਦੇ ਐਮ ਐਲ ਏ ਫਲੈਟ ਵਿਖੇ ਗਏ ਤਾਂ ਬਾਦਲ ਨੇ ਉਨ੍ਹਾਂ ਦਾ ਸਵਾਗਤ ਕਰ ਕੇ ਕਿਹਾ ਕਿ ਟੀਮ ਦੇ ਮੁਖੀ ਪ੍ਰਬੋਧ ਕੁਮਾਰ ਨੂੰ ਖੁਦ ਆਉਣ ਨੂੰ ਕਹੋ। ਇਸ ਪਿੱਛੋਂ ਪ੍ਰਬੋਧ ਕੁਮਾਰ, ਆਈ ਜੀ ਅਰੁਣਪਾਲ ਸਿੰਘ ਅਤੇ ਐਸ ਪੀ ਭੁਪਿੰਦਰ ਸਿੰਘ ਪਹੁੰਚ ਗਏ ਤੇ ਬੰਦ ਕਮਰੇ ਵਿੱਚ ਬਾਦਲ ਤੋਂ ਪੁੱਛ-ਗਿੱਛ ਸ਼ੁਰੂ ਹੋਈ। ਜਾਂਚ ਟੀਮ ਦੇ ਮੈਂਬਰਾਂ ਨੇ ਪੁੱਛ-ਗਿੱਛ ਦੀ ਵੀਡੀਓ ਵੀ ਬਣਾਈ ਹੈ।

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜਾਂਚ ਟੀਮ ਦੀ ਕਾਰਵਾਈ ਨੂੰ ਬਾਅਦ ਵਿੱਚ ਰਾਜਨੀਤੀ ਤੋਂ ਪ੍ਰੇਰਿਤ ਕਰਾਰ ਦਿੰਦੇ ਹੋਏ ਕਿਹਾ, 'ਮੈਨੂੰ ਪੁਲੀਸ ਦਾ ਯਕੀਨ ਨਹੀਂ, ਕਿਉਂਕਿ ਉਨ੍ਹਾਂ ਸਿਰਫ ਖਾਨਾ-ਪੂਰਤੀ ਕਰਨੀ ਹੈ, ਹੋਣਾ ਉਹ ਹੈ, ਜੋ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਚਾਹੁਣਗੇ, ਪਰ ਮੈਂ ਕਾਨੂੰਨ ਨੂੰ ਮੰਨਣਾ ਵਾਲਾ ਹਾਂ'। ਉਨ੍ਹਾਂ ਕਿਹਾ ਕਿ ਦੇਸ਼ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੈ ਕਿ ਇਰਾਦਾ ਕਤਲ ਦੇ ਕੇਸ ਵਿੱਚ ਉਸ ਵੇਲੇ ਦੇ ਮੁੱਖ ਮੰਤਰੀ ਤੋਂ ਪੁੱਛ-ਗਿੱਛ ਕੀਤੀ ਜਾ ਰਹੀ ਹੈ। ਬਾਦਲ ਨੇ ਕਿਹਾ ਕਿ ਦੇਸ ਵਿੱਚ ਵੱਡੀਆਂ-ਵੱਡੀਆਂ ਘਟਨਾਵਾਂ ਵਾਪਰਦੀਆਂ ਹਨ ਤੇ ਕਦੇ ਮੁੱਖ ਮੰਤਰੀਆਂ, ਪ੍ਰਧਾਨ ਮੰਤਰੀਆਂ ਤੇ ਮੰਤਰੀਆਂ ਨੂੰ ਸੱਦਿਆ ਨਹੀਂ ਜਾਂਦਾ। ਅਪਰੇਸ਼ਨ ਬਲਿਊ ਸਟਾਰ ਜਾਂ 1984 ਵਾਲੇ ਦੰਗਿਆਂ ਬਾਰੇ ਉਸ ਵੇਲੇ ਦੇ ਪ੍ਰਧਾਨ ਮੰਤਰੀਆਂ ਨੂੰ ਨਹੀਂ ਸੱਦਿਆ ਗਿਆ। ਉਨ੍ਹਾਂ ਦਾਅਵਾ ਕੀਤਾ ਕਿ 'ਸਿੱਟ' ਦੇ ਸਵਾਲ ਪੂਰੀ ਤਰ੍ਹਾਂ ਬੇਤੁਕੇ ਸਨ ਅਤੇ ਮੁੱਖ ਮੰਤਰੀ ਰਹਿ ਚੁੱਕੇ ਵਿਅਕਤੀ ਤੋਂ ਇਹ ਸਵਾਲ ਪੁੱਛਣੇ ਨਹੀਂ ਬਣਦੇ ਸਨ। ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਪਹਿਲਾਂ ਵੀ ਮੁੱਖ ਮੰਤਰੀ ਹੁੰਦੇ ਹੋਏ ਮੇਰੀ ਪਤਨੀ ਸਮੇਤ ਕੇਸ ਦਰਜ ਕੀਤਾ ਸੀ, ਪਰ ਸੱਚ ਸਭ ਦੇ ਸਾਹਮਣੇ ਹੈ। ਉਨ੍ਹਾਂ ਕਿਹਾ ਕਿ ਅੱਜ ਲੋਕਾਂ ਨੂੰ ਅਸੀਂ ਕਸੂਰਵਾਰ ਲਗਦੇ ਹਾਂ, ਪਰ ਸੱਚਾਈ ਸਾਹਮਣੇ ਆ ਜਾਵੇਗੀ।

ਇਸ ਦੌਰਾਨ ਆਈ ਜੀ ਰੈਂਕ ਦੇ ਪੁਲੀਸ ਅਫਸਰ ਕੁੰਵਰ ਵਿਜੈ ਪ੍ਰਤਾਪ ਸਿੰਘ ਉੱਤੇ ਅਕਾਲੀ ਦਲ ਵੱਲੋਂ ਪੱਖਪਾਤ ਦੇ ਦੋਸ਼ ਲਾਉਣ ਨੂੰ ਸਰਕਾਰ ਤੇ ਪੁਲੀਸ ਦੇ ਸੀਨੀਅਰ ਅਫਸਰਾਂ ਨੇ ਇੱਕ ਤਰ੍ਹਾਂ ਅਣਗੌਲੇ ਕਰ ਕੇ ਦੋਸ਼ਾਂ ਦੀ ਪ੍ਰਵਾਹ ਕੀਤੇ ਬਿਨਾਂ ਸਭ ਤੋਂ ਪਹਿਲਾਂ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਬਾਦਲ ਦੇ ਕੋਲ ਭੇਜਿਆ ਸੀ। ਜਦੋਂ ਬਾਦਲ ਨੇ ਐਡੀਸ਼ਨਲ ਡੀ ਜੀ ਪੀ ਪ੍ਰਬੋਧ ਕੁਮਾਰ ਨਾਲ ਗੱਲ ਕੀਤੀ ਤਾਂ ਜਾਂਚ ਟੀਮ ਦੇ ਹੋਰ ਮੈਂਬਰ ਵੀ ਪੁੱਛ-ਗਿੱਛ ਲਈ ਆ ਗਏ ਸਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅੱਜ ਆਪਣੇ ਪਿਤਾ ਤੋਂ ਪੁੱਛ-ਗਿੱਛ ਦਾ ਸਾਰਾ ਸਮਾਂ ਸਾਰੀ ਪਾਰਟੀ ਲੀਡਰਸ਼ਿਪ ਸਮੇਤ ਉਥੇ ਰਹੇ। ਪੁਲੀਸ ਟੀਮ ਦੇ ਫਲੈਟ ਤੋਂ ਜਾਣ ਪਿੱਛੋਂ ਛੋਟੇ ਬਾਦਲ ਆਪਣੇ ਪਿਤਾ ਕੋਲ ਗਏ ਤੇ ਗੱਲਬਾਤ ਕੀਤੀ। ਫਿਰ ਵੱਡੇ ਬਾਦਲ ਅਕਾਲੀ ਦਲ ਦੇ ਸੀਨੀਅਰ ਲੀਡਰਾਂ ਸਮੇਤ ਪੱਤਰਕਾਰਾਂ ਨੂੰ ਮਿਲੇ, ਪਰ ਛੋਟੇ ਬਾਦਲ ਕਮਰੇ ਤੋਂ ਬਾਹਰ ਨਹੀਂ ਸਨ ਨਿਕਲੇ ਅਤੇ ਅੰਦਰ ਹੀ ਵੜੇ ਰਹੇ

## ਕਾਂਗਰਸ ਨੇ ਨਵਜੋਤ ਸਿੰਘ ਸਿੱਧੂ ਵਾਸਤੇ ਸੀ ਆਈ ਐੱਸ ਐੱਫ ਦੀ ਸੁਰੱਖਿਆ ਮੰਗੀ



ਨਵੀਂ ਦਿੱਲੀ, 18 ਨਵੰਬਰ (ਪੋਸਟ ਬਿਊਰੋ)- ਕਾਂਗਰਸ ਪਾਰਟੀ ਨੇ ਪੰਜਾਬ ਸਰਕਾਰ ਦੇ ਲੋਕਲ ਬਾਡੀਜ਼ ਮੰਤਰੀ ਅਤੇ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੇ ਸਟਾਰ ਪ੍ਰਚਾਰਕ ਦੀ ਭੂਮਿਕਾ ਨਿਭਾ ਰਹੇ ਨਵਜੋਤ ਸਿੰਘ ਸਿੱਧੂ ਉੱਤੇ ਖਤਰੇ ਦੀ ਸ਼ੱਕ ਦੇ ਕਾਰਨ ਗ੍ਰਹਿ ਮੰਤਰਾਲੇ ਤੋਂ ਉਨ੍ਹਾਂ ਨੂੰ ਪੂਰੇ ਦੇਸ਼ ਵਿੱਚ ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀ ਆਈ ਐੱਸ ਐੱਫ) ਦੀ ਸੁਰੱਖਿਆ ਦਿੱਤੇ ਜਾਣ ਦੀ ਬੇਨਤੀ ਕੀਤੀ ਹੈ।

ਇਸ ਸੰਬੰਧ ਵਿੱਚ ਪਾਰਟੀ ਦੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਲਿਖੇ ਇੱਕ ਪੱਤਰ 'ਚ ਕਿਹਾ ਕਿ ਨਵਜੋਤ ਸਿੰਘ ਸਿੱਧੂ ਉਘੀ ਸਿਆਸੀ ਹਸਤੀ ਅਤੇ ਸਾਬਕਾ ਕ੍ਰਿਕਟਰ ਹਨ। ਉਨ੍ਹਾਂ ਨੇ ਪੰਜਾਬ 'ਚ ਨਸ਼ਾ ਮਾਫੀਆ ਖਿਲਾਫ ਮੁਹਿੰਮ ਚਲਾਈ ਹੈ। ਪੂਰੇ ਦੇਸ਼ 'ਚ ਲੋਕ ਉਨ੍ਹਾਂ ਨੂੰ ਪਿਆਰ ਕਰਦੇ ਹਨ। ਉਨ੍ਹਾਂ ਕਿਹਾ ਕਿ ਸਿੱਧੂ ਹਮੇਸ਼ਾ ਤੋਂ ਨਿਸ਼ਾਨੇ 'ਤੇ ਰਹੇ ਹਨ। ਭਾਜਪਾ ਛੱਡ ਕੇ ਕਾਂਗਰਸ 'ਚ ਸ਼ਾਮਲ ਹੋਣ ਤੋਂ ਬਾਅਦ ਉਨ੍ਹਾਂ ਲਈ ਖਤਰੇ ਵਧਦੇ ਵੇਖੇ ਗਏ ਹਨ। ਸੁਰਜੇਵਾਲਾ ਨੇ ਕਿਹਾ ਕਿ ਸਿੱਧੂ ਚੋਣ ਪ੍ਰਚਾਰ ਅਤੇ ਪਾਰਟੀ ਦੇ ਦੂਸਰੇ ਪ੍ਰੋਗਰਾਮਾਂ ਲਈ ਦੇਸ਼ ਦਾ ਵਿਆਪਕ ਦੌਰਾ ਕਰ ਰਹੇ ਹਨ। ਇਸ ਲਈ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਨਵਜੋਤ ਸਿੰਘ ਸਿੱਧੂ ਨੂੰ ਪੂਰੇ ਦੇਸ਼ ਵਿੱਚ ਸੀ ਆਈ ਐੱਸ ਐੱਫ ਦੀ ਸੁਰੱਖਿਆ ਦਿੱਤੀ ਜਾਵੇ। ਜ਼ਿਕਰ ਯੋਗ ਹੈ ਕਿ ਸਿੱਧੂ ਇਨ੍ਹਾਂ ਦਿਨਾਂ 'ਚ ਛੱਤੀਸਗੜ੍ਹ 'ਚ ਚੋਣ ਪ੍ਰਚਾਰ ਕਰ ਰਹੇ ਹਨ ਅਤੇ ਇਸ ਤੋਂ ਬਾਅਦ ਉਹ ਰਾਜਸਥਾਨ ਤੇ ਮੱਧ ਪ੍ਰਦੇਸ਼ 'ਚ ਵੀ ਚੋਣ ਪ੍ਰਚਾਰ ਲਈ ਜਾਣਗੇ।

## ਕੁਸ਼ਵਾਹਾ ਨੇ ਭਾਜਪਾ ਨੂੰ ਸੀਟਾਂ ਬਾਰੇ ਦੱਸਣ ਦੇ ਲਈ 30 ਤੱਕ ਦਾ ਅਲਟੀਮੇਟਮ ਦਿੱਤਾ



ਪਟਨਾ, 18 ਨਵੰਬਰ (ਪੋਸਟ ਬਿਊਰੋ)- ਬਿਹਾਰ ਦੀ ਰਾਜਧਾਨੀ ਪਟਨਾ ਵਿੱਚ ਚੱਲ ਰਹੀ ਰਾਸ਼ਟਰੀ ਲੋਕਤੰਤਰ ਸਮਾਜਵਾਦ ਪਾਰਟੀ ਦੀ ਸੂਬਾ ਕਾਰਜਕਾਰਨੀ ਦੀ ਬੈਠਕ ਪਿੱਛੋਂ ਬੰਦ ਕਮਰੇ ਵਿੱਚ ਉਪੇਂਦਰ ਕੁਸ਼ਵਾਹਾ ਨੇ ਕੋਰ ਕਮੇਟੀ ਦੇ ਮੈਂਬਰਾਂ ਨਾਲ ਗੱਲ ਕੀਤੀ ਅਤੇ ਉਸ ਤੋਂ ਬਾਅਦ ਭਾਜਪਾ ਨੂੰ ਤੀਹ ਨਵੰਬਰ ਤੱਕ ਦਾ ਅਲਟੀਮੇਟਮ ਦਿੱਤਾ ਹੈ ਕਿ ਉਸ ਤੋਂ ਬਾਅਦ ਪਾਰਟੀ ਫੈਸਲਾ ਲੈਣ ਲਈ ਆਜ਼ਾਦ ਹੋਵੇਗੀ। ਉਨ੍ਹਾਂ ਨੇ ਐਲਾਨ ਕੀਤਾ ਕਿ ਹਾਲੇ 30 ਨਵੰਬਰ ਤੱਕ ਉਹ ਐੱਨ ਡੀ ਏ ਵਿੱਚ ਬਣੇ ਰਹਿਣਗੇ। ਉਪੇਂਦਰ ਕੁਸ਼ਵਾਹਾ ਨੇ ਕਿਹਾ ਕਿ ਨਿਤੀਸ਼ ਕੁਮਾਰ ਮੇਰੀ ਪਾਰਟੀ ਖਤਮ ਕਰਨਾ ਚਾਹੁੰਦਾ ਹੈ।

ਕੁਸ਼ਵਾਹਾ ਦਾ ਕਹਿਣਾ ਹੈ ਕਿ ਨਿਤੀਸ਼ ਕੁਮਾਰ ਸਾਡੀ ਪਾਰਟੀ ਨੂੰ ਬਰਬਾਦ ਕਰਨ ਵਿੱਚ ਲੱਗੇ ਹੋਏ ਹਨ। ਉਨ੍ਹਾਂ ਨੇ ਆਪਣੇ ਪਾਰਲੀਮੈਂਟ ਮੈਂਬਰ ਰਾਮ ਕੁਮਾਰ ਸ਼ਰਮਾ ਨੂੰ ਪੇਸ਼ ਕਰ ਕੇ ਕਿਹਾ ਕਿ ਇਹ ਸਾਡੇ ਨਾਲ ਹਨ, ਪਰ ਇਸ ਬਾਰੇ ਕੀ-ਕੀ ਕਿਹਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੀ ਹਾਈ ਕਮਾਨ ਨੂੰ ਹੋਰਨਾਂ ਦੀਆਂ ਗੱਲਾਂ ਵਿੱਚ ਨਹੀਂ ਆਉਣਾ ਚਾਹੀਦਾ। ਮੈਂ ਆਪਣੇ ਵੱਲੋਂ ਸੀਟਾਂ ਦੀ ਵੰਡ ਲਈ ਪਹਿਲ ਨਹੀਂ ਕਰਾਂਗਾ। ਕੁਸ਼ਵਾਹਾ ਨੇ ਕਿਹਾ ਕਿ 29 ਨਵੰਬਰ ਨੂੰ ਊਚ-ਨੀਚ ਵਿਰੋਧ ਦਿਵਸ ਮਨਾਉਣਗੇ ਅਤੇ 30 ਨਵੰਬਰ ਤੱਕ ਜੇ ਸਨਮਾਨ ਜਨਕ ਸੀਟ ਵੰਡ ਦਾ ਮਾਮਲਾ ਹੱਲ ਨਹੀਂ ਹੋਇਆ ਤਾਂ ਅਗਲਾ ਕਦਮ ਚੁੱਕਾਂਗੇ। ਬੈਠਕ ਵਿੱਚ ਮੈਨੂੰ ਨੀਚ ਸ਼ਬਦ ਕਹਿਣ 'ਤੇ ਵੀ ਚਰਚਾ ਹੋਈ ਅਤੇ ਸਭ ਨੇ ਇਸ 'ਤੇ ਇਤਰਾਜ਼ ਕੀਤਾ ਹੈ।

## ਭਾਜਪਾ ਯੂਥ ਵਿੰਗ ਦੇ ਮੀਡੀਆ ਇੰਚਾਰਜ ਨੇ ਅਮਿਤ ਸ਼ਾਹ ਦੇ ਬੇਟੇ ਨੂੰ ਵੀ ਨਾਲ ਲਪੇਟ ਲਿਆ



ਜਲੰਧਰ, 18 ਨਵੰਬਰ (ਪੋਸਟ ਬਿਊਰੋ)- ਭਾਰਤੀ ਜਨਤਾ ਯੁਵਾ ਮੋਰਚਾ ਦੇ ਰਾਸ਼ਟਰੀ ਮੀਡੀਆ ਇੰਚਾਰਜ ਅਤੇ ਬੁਲਾਰੇ ਸ਼ਿਵਮ ਛਾਬੜਾ ਕੱਲ੍ਹ ਇਸ ਮਹਾਨਗਰ ਵਿੱਚ ਸਨ। ਉਹ ਏਥੇ ਰਾਫੇਲ ਡੀਲ ਉਤੇ ਕਾਂਗਰਸ ਦੇ ਦੋਸ਼ਾਂ ਦਾ ਜਵਾਬ ਦੇਣ ਅਤੇ ਕਾਂਗਰਸ ਨੂੰ ਘੇਰਨ ਲਈ ਆਏ ਸਨ, ਪਰ ਸਵਾਲਾਂ-ਸਵਾਲਾਂ ਵਿੱਚ ਉਹ ਖੁਦ ਘਿਰ ਗਏ ਤੇ ਕਾਂਗਰਸ ਦੇ ਨਾਲ-ਨਾਲ ਉਹ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਦੇ ਬੇਟੇ ਜੈ ਸ਼ਾਹ ਨੂੰ ਵੀ ਲਪੇਟਣ ਲੱਗ ਪਏ।

ਸ਼ਿਵਮ ਛਾਬੜਾ ਨੇ ਕਿਹਾ ਕਿ ਸੰਜੇ ਭੰਡਾਰੀ ਨਾਂਅ ਦਾ ਇਕ ਕਾਰੋਬਾਰੀ ਰਾਬਰਟ ਵਾਡਰਾ ਦਾ ਦੋਸਤ ਹੈ, ਜਿਸ ਨੇ ਰਾਫੇਲ ਡੀਲ ਕਰਾਉਣ ਦੀ ਕੋਸ਼ਿਸ਼ ਕੀਤੀ ਸੀ। ਛੇ ਸਾਲ ਦੇ ਅੰਦਰ ਉਸ ਦੀ ਕੰਪਨੀ ਇਕ ਹਜ਼ਾਰ ਕਰੋੜ ਰੁਪਏ ਦੀ ਬਣ ਗਈ। ਅੱਜ ਕੱਲ੍ਹ ਇਸ ਕੰਪਨੀ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ ਅਤੇ ਇਸ ਦੀ ਜਾਂਚ ਇਨਫੋਰਸਮੈਂਟ ਡਾਇਰੈਕਟੋਰੇਟ ਤੇ ਇਨਕਮ ਟੈਕਸ ਵਿਭਾਗ ਕਰ ਰਹੇ ਹਨ। ਜਦ ਸ਼ਿਵਮ ਛਾਬੜਾ ਤੋਂ ਪੁੱਛਿਆ ਗਿਆ ਕਿ 2015-16 ਵਿੱਚ ਅਮਿਤ ਸ਼ਾਹ ਦੇ ਬੇਟੇ ਜੈ ਸ਼ਾਹ ਦੀ ਕੰਪਨੀ ਟੈਂਪਲ ਇੰਟਰਪ੍ਰਾਈਜੇਜ਼ ਅਚਾਨਕ 15 ਹਜ਼ਾਰ ਗੁਣਾ ਕਿਵੇਂ ਵਧ ਗਈ ਸੀ ਤੇ ਜਿਸ ਕੰਪਨੀ ਨੇ ਜੈ ਸ਼ਾਹ ਨੂੰ ਪੈਸਾ ਦਿੱਤਾ ਸੀ, ਉਹ ਰਿਲਾਇੰਸ ਦੀ ਹੈ ਤਾਂ ਇਸ ਦੇ ਜਵਾਬ ਵਿੱਚ ਸ਼ਿਵਮ ਛਾਬੜਾ ਨੇ ਕਿਹਾ ਕਿ ਸਰਕਾਰ ਨੂੰ ਇਨ੍ਹਾਂ ਕੰਪਨੀਆਂ ਦੀ ਜਾਂਚ ਵੀ ਕਰਨੀ ਚਾਹੀਦੀ ਹੈ। ਜੇ ਕਿਸੇ ਉੱਤੇ ਵੀ ਦੋਸ਼ ਲੱਗਦੇ ਹਨ ਤਾਂ ਇਸ ਦੀ ਜਾਂਚ ਕਰਵਾਉਣਾ ਸਰਕਾਰ ਦਾ ਕਰੱਤਵ ਹੈ ਤਾਂ ਕਿ ਸੱਚਾਈ ਜਨਤਾ ਦੇ ਸਾਹਮਣੇ ਆ ਸਕੇ। ਸ਼ਿਵਮ ਛਾਬੜਾ ਦੇ ਇਸ ਬਿਆਨ ਪਿੱਛੋਂ ਨਾਲ ਬੈਠੇ ਭਾਜਪਾ ਨੇਤਾਵਾਂ ਦੇ ਚਿਹਰੇ 'ਤੇ ਰੰਗ ਉੱਡਣ ਲੱਗਾ ਅਤੇ ਉਹ ਹੈਰਾਨ ਹੋਣ ਲੱਗੇ ਕਿ ਕਿਤੇ ਕਾਂਗਰਸ ਨੂੰ ਘੇਰਨ ਆਏ ਰਾਸ਼ਟਰੀ ਮੀਡੀਆ ਇੰਚਾਰਜ ਦੀ ਜੈ ਸ਼ਾਹ ਵਾਲੀ ਗੱਲ ਹੀ ਅਖਬਾਰਾਂ ਦੀ ਸੁਰਖੀ ਨਾ ਬਣ ਜਾਵੇ।

ਮਾਮਲਾ ਜੰਗੀ ਕੈਦੀ ਦਾ

## ਪਾਕਿ ਨਾਲ ਕੇਂਦਰ ਗੱਲ ਕਰੇ, ਲੋੜ ਪਵੇ ਤਾਂ ਇੰਟਰਨੈਸ਼ਨਲ ਕੋਰਟ ਵਿੱਚ ਅਪੀਲ ਕਰੇ: ਹਾਈ ਕੋਰਟ




ਚੰਡੀਗੜ੍ਹ, 18 ਨਵੰਬਰ (ਪੋਸਟ ਬਿਊਰੋ)- ਸਾਲ 1971 ਦੀ ਭਾਰਤ-ਪਾਕਿ ਜੰਗ ਦੇ ਦੌਰਾਨ ਬੀ ਐਸ ਐਫ ਦੇ ਕਾਂਸਟੇਬਲ ਸੁਰਜੀਤ ਸਿੰਘ ਪਾਕਿਸਤਾਨ ਦੀ ਕੈਦ ਵਿੱਚ ਜਾਣ ਅਤੇ ਅਜੇ ਤੱਕ ਪਾਕਿਸਤਾਨੀ ਜੇਲ ਵਿੱਚ ਹੋਣ ਦੀ ਦਲੀਲ ਦਿੰਦੇ ਹੋਏ ਉਸ ਦੀ ਪਤਨੀ ਨੇ ਉਸ ਦੀ ਵਤਨ ਵਾਪਸੀ ਲਈ ਹਾਈ ਕੋਰਟ ਨੂੰ ਅਰਜ਼ੀ ਦਾਖਲ ਕੀਤੀ ਹੈ। ਇਸ ਦੀ ਸੁਣਵਾਈ ਕਰਦੇ ਹੋਏ ਹਾਈ ਕੋਰਟ ਨੇ ਕਿਹਾ ਕਿ ਕੇਂਦਰ ਸਰਕਾਰ ਸੁਰਜੀਤ ਸਿੰਘ ਕੇਸ ਵਿੱਚ ਪਾਕਿ-ਸਤਾਨ ਸਰਕਾਰ ਨਾਲ ਗੱਲ ਕਰੇ ਅਤੇ ਜੇ ਲੋੜ ਪਵੇ ਤਾਂ ਇੰਟਰਨੈਸ਼ਨਲ ਕੋਰਟ ਆਫ ਜਸਟਿਸ ਵਿੱਚ ਅਪੀਲ ਕਰਕੇ ਉਸ ਨੂੰ ਵਾਪਸ ਲਿਆਵੇ।

ਜਸਟਿਸ ਰਾਜਨ ਗੁਪਤਾ ਨੇ ਇਹ ਹੁਕਮ ਸੁਰਜੀਤ ਸਿੰਘ ਦੀ ਪਤਨੀ ਅੰਗਰੇਜ਼ ਕੌਰ ਵੱਲੋਂ ਐਡਵੋਕੇਟ ਐਚ ਸੀ ਅਰੋੜਾ ਦੇ ਰਾਹੀਂ ਦਾਇਰ ਕੀਤੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਜਾਰੀ ਕੀਤੇ ਹਨ। ਪਟੀਸ਼ਨ ਵਿੱਚ ਅੰਗਰੇਜ਼ ਕੌਰ ਨੇ ਦੱਸਿਆ ਕਿ ਸਾਲ 1971 ਦੀ ਭਾਰਤ ਪਾਕਿ ਜੰਗ ਦੌਰਾਨ ਉਸ ਦੇ ਪਤੀ ਨੂੰ ਪਾਕਿਸਤਾਨੀ ਫੌਜ ਨੇ ਕੈਦ ਕਰ ਲਿਆ, ਪਰ ਬੀ ਐਸ ਐਫ ਨੇ ਸੁਰਜੀਤ ਸਿੰਘ ਨੂੰ ਮ੍ਰਿਤਕ ਮੰਨ ਲਿਆ ਸੀ। ਪਟੀਸ਼ਨ ਕਰਤਾ ਨੂੰ ਅਖਬਾਰਾਂ ਤੋਂ ਪਤਾ ਲੱਗਾ ਕਿ ਉਸ ਦਾ ਪਤੀ ਹਾਲੇ ਵੀ ਪਾਕਿਸਤਾਨ ਦੀ ਜੇਲ੍ਹ ਵਿੱਚ ਹੈ। ਪਾਕਿਸਤਾਨ ਦੇ ਮਨੁੱਖੀ ਅਧਿਕਾਰ ਆਗੂ ਅੰਸਾਰ ਬਰਨੀ ਨੇ 2011 ਵਿੱਚ ਇਕ ਬਿਆਨ ਜਾਰੀ ਕਰ ਕੇ ਕਿਹਾ ਸੀ ਕਿ ਸੁਰਜੀਤ ਸਿੰਘ ਆਪਣੀ 20 ਸਾਲ ਕੈਦ ਪੂਰੀ ਕਰਨ ਪਿੱਛੋਂ ਵੀ ਪਾਕਿਸਤਾਨ ਦੀ ਜੇਲ੍ਹ ਵਿੱਚ ਹੈ। ਇਸ ਬਾਰੇ ਅਖਬਾਰਾਂ ਵਿੱਚ ਖਬਰ ਛਪੀ ਸੀ। ਪਟੀਸ਼ਨ ਕਰਤਾ ਨੇ ਦੱਸਿਆ ਕਿ ਉਸ ਦੇ ਬਾਅਦ ਸਾਲ 2004 ਵਿੱਚ ਵੀ ਪਤਾ ਲੱਗਾ ਕਿ ਉਸ ਦੇ ਪਤੀ ਨੂੰ ਪਾਕਿਸਤਾਨ ਜੇਲ੍ਹ ਤੋਂ ਛੱਡ ਦਿੱਤਾ ਗਿਆ ਹੈ। ਜਦ ਉਹ ਆਪਣੀ ਪਤੀ ਨੂੰ ਲੈਣ ਵਾਘਾ ਬਾਰਡਰ ਪਹੁੰਚੀ ਤਾਂ ਉਸ ਨੂੰ ਉਥੇ ਪਾਕਿਸਤਾਨ ਦੀ ਜੇਲ੍ਹ ਤੋਂ ਛੁੱਟ ਕੇ ਆਇਆ ਇਕ ਕੈਦੀ ਮੱਖਣ ਸਿੰਘ ਮਿਲਿਆ ਸੀ ਤੇ ਉਸ ਨੇ ਵੀ ਸੁਰਜੀਤ ਸਿੰਘ ਦੇ ਪਾਕਿਸਤਾਨੀ ਜੇਲ੍ਹ ਵਿੱਚ ਹੋਣ ਦੀ ਗੱਲ ਕਹੀ ਸੀ। ਬਾਅਦ ਵਿੱਚ ਮੱਖਣ ਸਿੰਘ ਨੇ ਕੁਝ ਟੀ ਵੀ ਚੈਨਲਾਂ ਨੂੰ ਦਿੱਤੇ ਆਪਣੇ ਇੰਟਰਵਿਊ ਵਿੱਚ ਵੀ ਇਸ ਦਾ ਜ਼ਿਕਰ ਕੀਤਾ ਸੀ। ਇਸ ਦੀ ਸੁਣਵਾਈ ਮੌਕੇ ਕੇਂਦਰ ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ ਕਿ ਸੁਰਜੀਤ ਸਿੰਘ ਕੇਸ ਵਿੱਚ ਪਾਕਿ-ਸਤਾਨ ਤੋਂ ਜਾਣਕਾਰੀ ਮੰਗੀ ਸੀ, ਪਰ ਉਸ ਨੇ ਸਾਫ ਇਨਕਾਰ ਕਰ ਦਿੱਤਾ ਸੀ। ਇਸ ਮੌਕੇ ਹਾਈ ਕੋਰਟ ਨੇ ਪਟੀਸ਼ਨਰ ਵੱਲੋਂ ਦਿੱਤੀ ਇਸ ਨਵੀਂ ਜਾਣਕਾਰੀ 'ਤੇ ਕੇਂਦਰ ਸਰਕਾਰ ਨੂੰ ਪਾਕਿਸਤਾਨ ਸਰਕਾਰ ਨਾਲ ਗੱਲ ਕਰਨ ਦੇ ਹੁਕਮ ਦਿੱਤੇ ਅਤੇ ਕਿਹਾ ਕਿ ਜੇ ਲੋੜ ਪਵੇ ਤਾਂ ਭਾਰਤ ਸਰਕਾਰ ਇਸ ਮਾਮਲੇ ਨੂੰ ਲੈ ਕੇ ਇੰਟਰਨੈਸ਼ਨਲ ਕੋਰਟ ਆਫ ਜਸਟਿਸ ਵਿੱਚ ਵੀ ਅਪੀਲ ਕਰ ਸਕਦੀ ਹੈ।

## ਥੱਪੜ ਕਾਂਡ ਦਾ ਜਾਂਚ ਅਫਸਰ 25000 ਰਿਸ਼ਵਤ ਲੈਂਦਾ ਵਿਜੀਲੈਂਸ ਨੇ ਜਾ ਫੜਿਆ

ਅੰਮ੍ਰਿਤਸਰ, 18 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਨੇੜਲੇ ਸਾਥੀ ਕੌਂਸਲਰ ਅਜੀਤ ਸਿੰਘ ਭਾਟੀਆ ਨੂੰ ਥੱਪੜ ਮਾਰਨ ਦੇ ਕੇਸ ਵਿੱਚ ਪੁਲਸ ਵੱਲੋਂ 11-12 ਵਿਅਕਤੀਆਂ ਅਤੇ ਕੁਝ ਔਰਤਾਂ ਉੱਤੇ ਕੇਸ ਦਰਜ ਕੀਤਾ ਗਿਆ ਸੀ। ਇਸ ਕਾਂਡ ਵਿੱਚ ਇੱਕ ਹੋਰ ਨੌਜਵਾਨ ਨੂੰ ਨਾਜਾਇਜ਼ ਫਸਾਉਣ ਦੀ ਧਮਕੀ ਦੇ ਕੇ ਉਸ ਕੋਲੋਂ 25000 ਰੁਪਏ ਰਿਸ਼ਵਤ ਰਿਸ਼ਵਤ ਲੈਂਦੇ ਜਾਂਚ ਅਧਿਕਾਰੀ ਪੁਲਸ ਚੌਕੀ ਗੋਲਡਨ ਐਵੇਨਿਊ ਦੇ ਇੰਚਾਰਜ ਏ ਐੱਸ ਆਈ ਸਤਨਾਮ ਸਿੰਘ ਨੂੰ ਕੱਲ੍ਹ ਵਿਜੀਲੈਂਸ ਬਿਊਰੋ ਨੇ ਰੰਗੇ ਹੱਥੀਂ ਕਾਬੂ ਕਰ ਲਿਆ।

ਸ਼ਿਕਾਇਤ ਕਰਤਾ ਰਣਜੀਤ ਸਿੰਘ ਪੁੱਤਰ ਸੁਖਬੀਰ ਸਿੰਘ ਵਾਸੀ ਹਬੀਬਪੁਰਾ ਸੁਲਤਾਨਵਿੰਡ ਰੋਡ ਨੇ ਦੱਸਿਆ ਕਿ ਥੱਪੜ ਕਾਂਡ ਦਾ ਜਾਂਚ ਅਫਸਰ ਏ ਐਸ ਆਈ ਸਤਨਾਮ ਸਿੰਘ ਮੈਨੂੰ ਕਾਫੀ ਸਮੇ ਤੋਂ ਕੌਂਸਲਰ ਅਜੀਤ ਸਿੰਘ ਭਾਟੀਆ ਨੂੰ ਥੱਪੜ ਮਾਰਨ ਦੇ ਕੇਸ ਵਿੱਚ ਫਸਾਉਣ ਦੀ ਧਮਕੀ ਦੇ ਰਿਹਾ ਸੀ, ਜਦੋਂ ਮੈਂ ਉਸ ਨੂੰ ਇਸ ਵਿੱਚ ਨਾ ਫਸਾਉਣ ਦੀ ਅਪੀਲ ਕੀਤੀ ਤਾਂ ਉਸ ਨੇ ਮੇਰੇ ਕੋਲੋਂ ਇੱਕ ਲੱਖ ਰੁਪਏ ਦੀ ਮੰਗ ਕੀਤੀ, ਪਰ ਬਾਅਦ ਵਿੱਚ 50,000 ਰੁਪਏ ਵਿੱਚ ਗੱਲ ਤੈਅ ਹੋ ਗਈ। ਰਣਜੀਤ ਸਿੰਘ ਨੇ ਦੱਸਿਆ ਕਿ 25000 ਰੁਪਏ ਦੀ ਪਹਿਲੀ ਕਿਸ਼ਤ ਮੈਂ ਏ ਐੱਸ ਆਈ ਨੂੰ ਕਿਸੇ ਕੋਲੋਂ ਉਧਾਰ ਫੜ ਕੇ ਦੇ ਦਿੱਤੀ ਤੇ ਬਾਕੀ 25000 ਰੁਪਏ ਬਾਅਦ ਵਿੱਚ ਦੇਣ ਦਾ ਵਾਅਦਾ ਕੀਤਾ, ਜਿਸ ਨੂੰ ਲੈਣ ਲਈ ਉਹ ਕੁਝ ਦਿਨਾਂ ਤੋਂ ਲਗਾਤਾਰ ਦਬਾਅ ਬਣਾ ਰਿਹਾ ਸੀ। ਕਈ ਵਾਰ ਉਹ ਪੈਸੇ ਲੈਣ ਲਈ ਸ਼ਰਾਬ ਪੀ ਕੇ ਸਾਡੇ ਘਰ ਆਉਂਦਾ ਤੇ ਮੇਰੇ ਸਮੇਤ ਪਰਵਾਰਕ ਮੈਂਬਰਾਂ ਨੂੰ ਗਾਲੀ-ਗਲੋਚ ਵੀ ਕਰਦਾ ਸੀ। ਰਣਜੀਤ ਸਿੰਘ ਨੇ ਕਿਹਾ ਕਿ ਉਕਤ ਏ ਐਸ ਆਈ ਨੂੰ ਪਤਾ ਸੀ ਕਿ ਮੇਰਾ ਦੋਸਤ ਅਭਿਸ਼ੇਕ ਸ਼ੈਂਕੀ ਸਰਮਾਏਦਾਰ ਪਾਰਟੀ ਹੈ, ਜਿਸ ਲਈ ਉਹ ਇੱਕ ਦਿਨ ਕਹਿਣ ਲੱਗਾ ਕਿ ਮੈਨੂੰ ਸ਼ੈਂਕੀ ਤੋਂ ਇੱਕ ਲੱਖ ਰੁਪਏ ਲੈ ਕੇ ਦੇ, ਨਹੀਂ ਤਾਂ ਮੈਂ ਉਸ ਨੂੰ ਵੀ ਇਸ ਕਾਂਡ ਵਿੱਚ ਫਸਾ ਦਿਆਂਗਾ। ਰਣਜੀਤ ਸਿੰਘ ਨੇ ਕਿਹਾ ਕਿ ਏ ਐੱਸ ਆਈ ਸਤਨਾਮ ਸਿੰਘ ਇਸ ਕੇਸ ਵਿੱਚ ਕੁਝ ਹੋਰਨਾਂ ਲੋਕਾਂ ਤੋਂ ਪੈਸੇ ਨਾ ਮਿਲਣ ਕਾਰਨ ਉਨ੍ਹਾਂ ਨੂੰ ਨਾਜਾਇਜ਼ ਹੀ ਫਸਾ ਚੁੱਕਾ ਹੈ, ਜਿਸ ਕਰ ਕੇ ਮੈਂ ਪ੍ਰੇਸ਼ਾਨ ਹੋ ਕੇ ਵਿਜੀਲੈਂਸ ਵਿਭਾਗ ਦੇ ਐੱਸ ਐੱਸ ਪੀ, ਆਰ ਕੇ ਬਖਸ਼ੀ ਨੂੰ ਮਿਲਿਆ ਤੇ ਸਾਰੀ ਗੱਲ ਦੱਸੀ ਅਤੇ ਉਨ੍ਹਾਂ ਦੇ ਕਹੇ ਅਨੁਸਾਰ ਜਾਂਚ ਅਧਿਕਾਰੀ ਸਤਨਾਮ ਸਿੰਘ ਨੂੰ ਬਾਕੀ 25000 ਰੁਪਏ ਕੱਲ੍ਹ ਧੋਬੀਘਾਟ ਦੇ ਨੇੜੇ ਦੇਣਾ ਤੈਅ ਕਰ ਲਿਆ। ਵਿਜੀਲੈਂਸ ਟੀਮ ਨੇ ਉਕਤ ਜਾਂਚ ਅਧਿਕਾਰੀ ਨੂੰ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ 25 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਫੜ ਲਿਆ। ਰਣਜੀਤ ਸਿੰਘ ਨੇ ਕਿਹਾ ਕਿ ਥੱਪੜ ਕਾਂਡ ਦੀ ਜੇ ਗੰਭੀਰਤਾ ਨਾਲ ਜਾਂਚ ਕਰਵਾਈ ਜਾਵੇ ਤਾਂ ਏ ਐੱਸ ਆਈ ਸਤਨਾਮ ਸਿੰਘ ਵੱਲੋਂ ਇਸ ਵਿੱਚ ਨਾਜਾਇਜ਼ ਫਸਾਏ ਹੋਰਨਾਂ ਨੌਜਵਾਨਾਂ ਦਾ ਪਤਾ ਵੀ ਲੱਗ ਸਕਦਾ ਹੈ।

## ਸਾਊਦੀ ਮਹਿਲਾਵਾਂ ਨੇ ਪੁੱਠੇ ਬੁਰਕੇ ਪਾ ਕੇ ਵਿਰੋਧ ਜਤਾਇਆ

ਰਿਆਦ, 18 ਨਵੰਬਰ (ਪੋਸਟ ਬਿਊਰੋ)- ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੀ ਲਗਾਤਾਰ ਦੇਸ਼ ਵਿੱਚ ਖੁੱਲ੍ਹਾਪਣ ਲਿਆਉਣ ਦੀਆਂ ਕੋਸ਼ਿਸ਼ ਦੇ ਤਹਿਤ ਔਰਤਾਂ ਨੂੰ ਬੁਰਕੇ ਦੀ ਥਾਂ ਕਿਸੇ ਵੀ ਤਰ੍ਹਾਂ ਦੇ ਸਾਊ ਕੱਪੜੇ ਪਹਿਨਣ ਦਾ ਸੁਝਾਅ ਦਿੱਤਾ ਗਿਆ, ਪਰ ਦੇਸ਼ ਵਿੱਚ ਔਰਤਾਂ ਨੂੰ ਉਨ੍ਹਾਂ ਦੀ ਮਰਜ਼ੀ ਦੇ ਕੱਪੜੇ ਪਹਿਨਣ ਦੀ ਛੋਟ ਨਾ ਮਿਲਣ ਦੇ ਕਾਰਨ ਸੋਸ਼ਲ ਮੀਡੀਆ 'ਤੇ ਇਸ ਦਾ ਵਿਰੋਧ ਸ਼ੁਰੂ ਹੋ ਗਿਆ ਹੈ।

ਟਵਿੱਟਰ ਉੱਤੇ 'ਹੈਸ਼ਟੈੱਗ ਇਨਸਾਈਡ ਆਊਟ ਅਬਾਯਾ' ਦੀ ਵਰਤੋਂ ਕਰ ਕੇ ਦਰਜਨਾਂ ਔਰਤਾਂ ਨੇ ਉਲਟਾ ਬੁਰਕਾ ਪਹਿਨ ਕੇ ਆਪਣੀਆਂ ਫੋਟੋ ਸ਼ੇਅਰ ਕੀਤੀਆਂ ਹਨ। ਇਸ ਨੂੰ ਉਨ੍ਹਾਂ ਨੇ ਵਿਰੋਧ ਦਾ ਨਵਾਂ ਤਰੀਕਾ ਦੱਸਿਆ ਹੈ। ਟਵਿੱਟਰ 'ਤੇ ਸਾਊਦੀ ਅਰਬ ਦੀਆਂ ਔਰਤਾਂ ਦੇ ਇਸ ਵਿਰੋਧ ਪ੍ਰਦਰਸ਼ਨ ਉੱਤੇ ਦੇਸ਼ ਦੀਆਂ ਮਹਿਲਾ ਕਾਰਕੁੰਨਾਂ ਨੇ ਖੁਸ਼ੀ ਜ਼ਾਹਰ ਕੀਤੀ ਹੈ। ਅਸਲ ਵਿੱਚ ਮਾਰਚ ਵਿੱਚ ਪ੍ਰਿੰਸ ਕਰਾਊਨ ਮੁਹੰਮਦ ਬਿਨ ਸਲਮਾਨ ਨੇ ਕਿਹਾ ਸੀ ਕਿ ਬੁਰਕਾ ਪਹਿਨਣਾ ਇਸਲਾਮ ਦੇ ਵਿੱਚ ਜ਼ਰੂਰੀ ਨਹੀਂ, ਬਲਕਿ ਸ਼ਰਾ ਮੁਤਾਬਕ ਔਰਤਾਂ ਨੂੰ ਮਰਦਾਂ ਵਾਂਗ ਸਾਊ ਕੱਪੜੇ ਪਹਿਨਣੇ ਚਾਹੀਦੇ ਹਨ। ਇਹ ਫੈਸਲਾ ਪੂਰੀ ਤਰ੍ਹਾਂ ਔਰਤਾਂ ਨੂੰ ਕਰਨਾ ਹੈ ਕਿ ਉਹ ਆਪਣੇ ਲਈ ਕਿਹੋ ਜਿਹੇ ਕੱਪੜਿਆਂ ਨੂੰ ਸਾਊ ਮੰਨਦੀਆਂ ਹਨ। ਸਾਊਦੀ ਅਰਬ ਦੇ ਪ੍ਰਿੰਸ ਦੇ ਬਿਆਨ ਦੇ ਬਾਵਜੂਦ ਔਰਤਾਂ ਨੂੰ ਆਪਣੀ ਮਰਜ਼ੀ ਦੇ ਕੱਪੜੇ ਪਹਿਨਣ ਦੀ ਖੁੱਲ੍ਹੀ ਛੋਟ ਨਾ ਮਿਲੀ ਤਾਂ ਔਰਤਾਂ ਵਿੱਚ ਨਾਰਾਜ਼ਗੀ ਹੈ। ਇਸ ਨੂੰ ਜ਼ਾਹਰ ਕਰਨ ਦੇ ਲਈ ਔਰਤਾਂ ਸਿਲਾਈ ਵਾਲੀ ਸਤ੍ਹਾ ਬਾਹਰ ਰੱਖ ਕੇ ਉਲਟਾ ਬੁਰਕਾ ਪਹਿਨ ਕੇ ਜਨਤਕ ਥਾਵਾਂ ਤੋਂ ਆਪਣੀਆਂ ਤਸਵੀਰਾਂ ਟਵੀਟ ਕਰ ਰਹੀਆਂ ਹਨ।

Jobs Jobs Jobs

General Labour/ Drivers/ Window Assemblers & Machine Operators

ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030/416 477 3344
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

7STAR IMMIGRATION

ਵੀਜ਼ਾ ਤੇ ਇਮੀਗ੍ਰੇਸ਼ਨ ਦੀਆਂ ਸੇਵਾਵਾਂ
With Our Expert Team

ਜੇ ਹੋਰ ਪਾਸੋ ਯਤਨ ਕਰਕੇ ਥੱਕ ਚੁਕੇ ਹੋ,
ਤਾਂ ਇਕ ਵਾਰੀ ਸੇਵਾ ਦਾ ਮੌਕਾ ਜ਼ਰੂਰ ਦਿਓ!

- Spousal Sponsorship
- Study Visa
- Express Entry
- Work Visa
- Visitor Visa
- Super Visa
- Citizenship
- PR Card Renewal
- Caregiver Program
- Atlantic Pilot Program
- Study Permit Extension
- PNP Application
- Work Permit Extension
- LMIA Application
- Spousal Work Permit
- Multiple Visa
- Parent Sponsorship
- Grandparents Sponsorship

Simrat Nijjar
Regulated Canadian Immigration Consultant
Ph:(905) 846-0707
Fax:(905)497-0706

Visit us online: www.7starimmigration.ca or email us at: info@7starimmigration.ca

1625 Steeles Ave E., Unit 17A, Brampton, ON L6T 4T7
Main Intersection- Steeles & Advance Blvd.

# ‘ਸੀ ਐਨ’ ਪਿਕਟਿੰਗ ਜਾਰੀ ਅਤੇ ਮੰਦੇ ਹਾਲਾਤ ਜਾਰੀ

...ਪੰਨਾ 1 ਦਾ ਬਾਕੀ

ਉਹਨਾਂ ਦੇ ਬਿਆਨਾਂ ਨਾਲ ਪ੍ਰੋਵਿੰਸ਼ੀਅਲ ਪਾਰਲੀਮੈਂਟ ਵਿੱਚ ਮਸਲੇ ਬਾਰੇ ਥੋੜੀ ਬਹੁਤੀ ਜਾਣਕਾਰੀ ਜਰੂਰ ਫੈਲੀ ਹੋਵੇਗੀ, ਜੋ ਕਿ ਓਨਰ ਅਪਰੇਟਰਾਂ ਦਾ ਮੰਤਵ ਵੀ ਹੈ, ਪਰ ਇਹ ਦੋਵੇਂ ਐਮ ਪੀ ਪੀ ਪਾਰਲੀਮੈਂਟ ਵਿੱਚ ਸਿਰਫ਼ ‘ਸੀ ਐਨ’ ਨੂੰ ਬੇਨਤੀ ਕਰਦੇ ਰਹੇ ਕਿ ਅਪਰੇਟਰਾਂ ਦੀਆਂ ਸੱਮਸਿਆਵਾਂ ਵੱਲ ਧਿਆਨ ਦਿੱਤਾ ਜਾਵੇ ਪਰ ਕਿਸੇ ਕਿਸਮ ਦੀ ਕਾਰਵਾਈ ਲਈ ਸਰਕਾਰ ਤੋਂ ਮੰਗ ਨਹੀਂ ਕੀਤੀ। ਅਪਰੇਟਰਾਂ ਨੂੰ ਗੱਲਾਂ ਦੇ ਨਾਲ 2 ਲੋੜ ਹੈ ਕਿ ਕਿਸੇ ਵਿਸ਼ੇਸ਼ ਪੱਧਰ ਉੱਤੇ ਕਾਰਵਾਈ ਲਈ ਚਾਰਾਜੋਈ ਕੀਤੀ ਜਾਵੇ।

ਜਦੋਂ ਚਾਰਾਜੋਈ ਦੀ ਗੱਲ ਚੱਲਦੀ ਹੈ ਤਾਂ ਬਰੈਂਪਟਨ ਦੇ ਸਿਟੀ ਕਾਉਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਨੇ ਸਾਥੀ ਕਾਉਂਸਲਰਾਂ ਮਾਰਟਿਨ ਮੀਡੀਰੀਓਸ, ਹਰਕੀਰਤ ਸਿੰਘ, ਪੈਟ ਫੋਰਟਿਨੀ ਅਤੇ ਰੋਵੇਨਾ ਸੈਂਟੋਸ ਨਾਲ ਮਿਲ ਕੇ ‘ਸੀ ਐਨ’ ਰੇਲ ਦੇ ਚੀਫ਼ ਕਾਰਜਕਾਰੀ ਅਫ਼ਸਰ ਜੌਨ ਜੇਕੁਏਸ ਰੁਏਸਟ ਨੂੰ ਇੱਕ ਪੱਤਰ ਲਿਖ ਕੇ ਅਪਰੇਟਰਾਂ ਦੀਆਂ ਮੰਗਾਂ ਵੱਲ ਤੁਰੰਤ ਧਿਆਨ ਦੇਣ ਲਈ ਬੇਨਤੀ ਕੀਤੀ ਹੈ।

ਵਰਨਣਯੋਗ ਹੈ ਕਿ 20 ਨਵੰਬਰ ਬੁੱਧਵਾਰ ਨੂੰ ਯੂਨੀਅਨ ਦੇ ਨੁਮਾਇੰਦਿਆਂ ਵੱਲੋਂ ਇੱਕ ਭਾਰੀ ਰੋਸ ਰੈਲੀ ਕੀਤੀ ਜਾ ਰਹੀ ਹੈ ਜਿਸ ਵਿੱਚ ਲੋਕਲ, ਰੀਜਨਲ ਅਤੇ ਕੌਮੀ ਪੱਧਰ ਦੇ ਯੂਨੀਅਨ ਆਗੂ ਪੁੱਜ ਰਹੇ ਹਨ। ਪਤਾ ਲੱਗਾ ਹੈ ਕਿ ਸੀ ਐਨ ਅੰਦਰ ਕੰਮਕਾਜ ਦਾ ਅਜਿਹਾ ਮਾਹੌਲ ਹੈ ਕਿ ਮੈਨੇਜਮੈਂਟ ਵੱਲੋਂ ਯੂਨੀਅਨ ਨੁਮਾਇੰਦਿਆਂ ਨਾਲ ਵੀ ਗਲਤ ਵਿਹਾਰ ਕੀਤਾ ਜਾਂਦਾ ਹੈ। ਇਹ ਵੀ ਪਤਾ ਲੱਗਾ ਹੈ ਕਿ ਸੀ ਐਨ ਦੇ ਅਹਾਤੇ ਅੰਦਰ ਸਿਰਫ਼ ਫੈਡਰਲ ਨੇਮ ਲਾਗੂ ਹੁੰਦੇ ਹਨ ਨਾ ਕਿ ਸਿਟੀ ਅਤੇ ਪ੍ਰੋਵਿੰਸ਼ੀਅਲ ਨੇਮ।

ਅਪਰੇਟਰਾਂ ਵਿੱਚ ਇਸ ਗੱਲ ਨੂੰ ਲੈ ਕੇ ਨਮੋਸ਼ੀ ਪਾਈ ਜਾ ਰਹੀ ਹੈ ਕਿ ਬਰੈਂਪਟਨ ਦੇ ਕਿਸੇ ਵੀ ਫੈਡਰਲ ਮੈਂਬਰ ਪਾਰਲੀਮੈਂਟ ਨੇ ਹਾਲੇ ਤੱਕ ਉਹਨਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਕੋਈ ਉੱਦਮ ਨਹੀਂ ਕੀਤਾ ਹੈ। ਇਹਨਾਂ ਐਮ ਪੀਆਂ ਦੀ ਸੁਸਤੀ ਉਸ ਵੇਲੇ ਹੋਰ ਵੀ ਖੜਕਦੀ ਹੈ ਜਦੋਂ ਸੀ ਐਨ ਦੇ ਅਹਾਤੇ ਅੰਦਰ ਫੈਡਰਲ ਸਰਕਾਰ ਹੀ ਹਾਂ ਪੱਖੀ ਦਖ਼ਲਅੰਦਾਜ਼ੀ ਕਰ ਸਕਦੀ ਹੈ।

ਸੀ ਐਨ ਟੀ ਐਲ ਵੱਲੋਂ ਆਪਣੀ ਵੈੱਬਸਾਈਟ ਉੱਤੇ ਬਹੁਤ ਮਾਣ ਨਾਲ ਪਾਇਆ ਗਿਆ ਹੈ ਕਿ ਕੰਪਨੀ ਵਾਸਤੇ ਸੇਫਟੀ ਸੱਭ ਤੋਂ ਵੱਡੀ ਪਹਿਲ (Safety first) ਹੈ। ਬਕੌਲ ਕੰਪਨੀ ਦੀ ਵੈੱਬਸਾਈਟ “We are proud of our industry leading safety program and standing. ਕੰਪਨੀ ਮੁਤਾਬਕ ਸ਼ਾਇਦ ਸੇਫਟੀ ਉਹ ਸ਼ਾਨਦਾਰ ਸ਼ਬਦਾਵਲੀ ਹੈ ਜਿਸਨੂੰ ਵੈੱਬਸਾਈਟ ਉੱਤੇ ਪਾਉਣ ਨਾਲ ਹੀ ਮੁਲਾਜ਼ਮਾਂ ਅਤੇ ਓਨਰ ਅਪਰੇਟਰਾਂ ਦਾ ਖਿਆਲ ਰੱਖਿਆ ਜਾਂਦਾ ਹੈ। ਕੰਪਨੀ ਦੇ ਅਹਾਤੇ ਵਿੱਚ ਗੋਡੇ 2 ਪਏ ਟੋਇਆਂ ਬਾਰੇ ਕੋਈ ਕੀ ਕਹੇ ਜਿਹਨਾਂ ਵਿੱਚੋਂ ਮਨੁੱਖ ਤਾਂ ਕੀ ਟਰੱਕ ਵੀ ਸੁਰੱਖਿਅਤ ਨਿਕਲਣੇ ਸੰਭਵ ਨਹੀਂ? ਮੈਨੇਜਰ ਸ਼ਿਕਾਇਤ ਕਰਨ ਵਾਲਿਆਂ ਨੂੰ ਬੁਲਿੰਗ ਕਰਕੇ ਚੁੱਪ ਕਰਵਾਉਣ ਨੂੰ ਸ਼ਾਇਦ ਸੇਫਟੀ ਸਮਝ ਰਹੇ ਹਨ। ਨਾ ਮੈਨੇਜਮੈਂਟ ਨੂੰ ਨਜ਼ਰ ਆਉਂਦਾ ਹੈ ਕਿ ਕੰਪਨੀ ਦੇ ਐਨ ਨੱਕ ਥੱਲੇ ਉਹਨਾਂ ਦੇ ਆਪਣੇ ਭਾਈਵਾਲ ਪਿਛਲੇ ਦੋ ਹਫਤਿਆਂ ਤੋਂ ਸੀ ਐਨ ਟੀ ਐਲ ਦੀ Safety first ਪਹੁੰਚ ਦਾ ਸ਼ਰੇਆਮ ਪ੍ਰਚਾਰ ਕਰ ਰਹੇ ਹਨ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia
- Gyan Singh
- Angrej Singh
Office Admin Assistant - Priya Sodhi
Marketing Executives - HS Nagpal
- Gurpreet Singh Pall
-
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਪਿਓ ਪੁੱਤ ਦੀਆਂ ਅਰਥੀਆਂ ਇਕੋ ਦਿਨ ਉਠੀਆਂ

* ਪੁੱਤਰ ਦੀ ਮੌਤ ਦੇ ਸਦਮੇ 'ਚ ਪਿਤਾ ਦੀ ਮੌਤ

ਮੋਗਾ, 18 ਨਵੰਬਰ (ਪੋਸਟ ਬਿਊਰੋ)- ਨੇੜਲੇ ਕਸਬੇ ਬਾਘਾ ਪੁਰਾਣਾ ਵਿੱਚ ਇਕ ਘਰ ਵਿੱਚੋਂ ਇਕੋ ਦਿਨ ਪਿਉ ਪੁੱਤ ਦੀ ਇਕੱਠੀ ਅਰਥੀ ਨਿਕਲੀ ਤਾਂ ਮਾਹੌਲ ਗਮਗੀਨ ਹੋ ਗਿਆ।

ਮਿਲੀ ਜਾਣਕਾਰੀ ਅਨੁਸਾਰ ਬਾਘਾ ਪੁਰਾਣਾ ਦੀ ਮੁਗਲੂ ਪੱਤੀ ਦੇ ਇਕ ਘਰ ਦੇ ਬਾਹਰ ਗੰਦੇ ਨਾਲੇ 'ਚ ਡਿੱਗਣ ਨਾਲ ਗਰੀਬ ਮਜ਼ਦੂਰ ਦੀ ਮੌਤ ਹੋ ਗਈ। ਉਹ ਦੇਰ ਸ਼ਾਮ ਮਜ਼ਦੂਰੀ ਕਰਕੇ ਘਰ ਆ ਰਿਹਾ ਸੀ ਕਿ ਹਨੇਰਾ ਹੋਣ ਕਾਰਨ ਨਾਲੇ 'ਚ ਡਿੱਗ ਪਿਆ, ਜਿਸ ਦਾ ਲੋਕਾਂ ਨੂੰ ਸਵੇਰੇ ਪਤਾ ਲੱਗਾ। ਇਸ ਪਿੱਛੋਂ ਪੁੱਤਰ ਦੀ ਮੌਤ ਦਾ ਗਮ ਨਾ ਸਹਾਰਦੇ ਪਿਤਾ ਦੀ ਮੌਤ ਹੋ ਗਈ। ਮਜ਼ਦੂਰ ਓਂਕਾਰ ਸਿੰਘ (45) ਵਾਸੀ ਬਾਬਾ ਜੀਵਨ ਸਿੰਘ ਨਗਰ, ਮੰਡੀਰਾਂ ਰੋਡ, ਬਾਘਾ ਪੁਰਾਣਾ ਮਜ਼ਦੂਰੀ ਕਰਕੇ ਘਰ ਪਰਤ ਰਿਹਾ ਸੀ ਤੇ ਹਨੇਰਾ ਹੋਣ ਕਾਰਨ ਨਾਲੇ 'ਚ ਡਿੱਗ ਪਿਆ। ਇਸ ਦੀ ਜਾਣਕਾਰੀ ਥਾਣਾ ਬਾਘਾ ਪੁਰਾਣਾ ਪੁਲਸ ਨੂੰ ਦਿੱਤੀ ਗਈ। ਜਦੋਂ ਇਹ ਖਬਰ ਘਰ ਪਹੁੰਚੀ ਤਾਂ ਪੁੱਤ ਦੀ ਮੌਤ ਦੇ ਗਮ ਵਿੱਚ ਪਿਉ ਦਰਬਾਰਾ ਸਿੰਘ ਦੀ ਵੀ ਮੌਤ ਹੋ ਗਈ। ਦੋਵਾਂ ਪਿਉ ਪੁੱਤ ਦੀ ਅਰਥੀ ਇਕੱਠੀ ਘਰ 'ਚੋਂ ਉਠੀ।

## ਗੰਨਾ ਕਿਸਾਨਾਂ ਦਾ ਧਰਨਾ 41 ਘੰਟੇ ਪਿੱਛੋਂ ਮੰਗਾਂ ਦੀ ਸਹਿਮਤੀ ਹੋਣ ਨਾਲ ਖਤਮ



ਮੁਕੇਰੀਆਂ, 18 ਨਵੰਬਰ, (ਪੋਸਟ ਬਿਊਰੋ)- ਗੰਨਾ ਕਿਸਾਨਾਂ ਦੇ ਬਕਾਏ ਦੀ ਅਦਾਇਗੀ ਅਤੇ ਤੁਰੰਤ ਖੰਡ ਮਿੱਲਾਂ ਚਲਾਉਣ ਦੀ ਮੰਗ ਬਾਰੇ ਚਾਰ ਕਿਸਾਨ ਜਥੇਬੰਦੀਆਂ ਵਲੋਂ ਗਰਨਾ ਸਾਹਿਬ ਵਿਖੇ ਜਲੰਧਰ-ਪਠਾਨਕੋਟ ਨੈਸ਼ਨਲ ਹਾਈਵੇ ਤੇ ਰੇਲ ਰੂਟ ਉੱਤੇ ਪਿਛਲੇ 41 ਘੰਟਿਆਂ ਤੋਂ ਦਿੱਤਾ ਜਾ ਰਿਹਾ ਧਰਨਾ ਅੱਜ ਮੰਗਾਂ ਦੀ ਸਹਿਮਤੀ ਨਾਲ ਖਤਮ ਹੋ ਗਿਆ ਹੈ। ਇਹ ਧਰਨਾ ਚੁਕਾਉਣ ਲਈ ਕਿਸਾਨਾਂ ਦੀ 5 ਮੈਂਬਰੀ ਕਮੇਟੀ ਨਾਲ ਜਲੰਧਰ ਰੇਂਜ ਦੇ ਆਈ ਜੀ ਨੌਨਿਹਾਲ ਸਿੰਘ ਦੀ ਮੀਟਿੰਗ ਵਿਚ ਕੁਝ ਮੰਗਾਂ ਉੱਤੇ ਸਹਿਮਤੀ ਬਣ ਜਾਣ ਨਾਲ ਇਸ ਦਾ ਸੁਖਾਵਾਂ ਹੱਲ ਨਿਕਲ ਆਇਆ ਹੈ।

ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਡਿਪਟੀ ਕਮਿਸ਼ਨਰ ਈਸ਼ਾ ਕਾਲੀਆ ਨਾਲ ਮੀਟਿੰਗ ਦਾ ਨਤੀਜਾ ਨਾ ਨਿਕਲਣ ਪਿੱਛੋਂ ਕਿਸਾਨ ਭਾਰੀ ਠੰਢ ਦੇ ਬਾਵਜੂਦ ਲਗਾਤਾਰ ਧਰਨੇ ਉੱਤੇ ਬੈਠੇ ਰਹੇ ਸਨ। ਉਨ੍ਹਾਂ ਦਾ ਦੋਸ਼ ਸੀ ਕਿ ਪ੍ਰਸ਼ਾਸਨ ਵੀ ਗੰਨਾ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਗੰਭੀਰਤਾ ਦਿਖਾਉਣ ਦੀ ਥਾਂ ਡੰਗ ਟਪਾਊ ਨੀਤੀ ਉੱਤੇ ਚੱਲ ਰਿਹਾ ਹੈ ਅਤੇ ਕਿਸਾਨਾਂ ਦੇ 450 ਕਰੋੜ ਦੇ ਬਕਾਏ ਦਿਵਾਉਣ ਦਾ ਯਤਨ ਨਹੀਂ ਕਰਦਾ, ਸਿਰਫ ਧਰਨੇ ਤੋਂ ਕਿਸਾਨਾਂ ਨੂੰ ਉਠਾਉਣ ਲਈ ਮੁੱਖ ਮੰਤਰੀ ਅਤੇ ਉੱਚ ਅਫਸਰਾਂ ਨਾਲ ਮੀਟਿੰਗਾਂ ਦਾ ਭਰੋਸਾ ਦੇਂਦਾ ਹੈ। ਕਿਸਾਨਾਂ ਦਾ ਧਰਨਾ ਚੁਕਾਉਣ ਲਈ ਆਈ ਜੀ ਨੌਨਿਹਾਲ ਸਿੰਘ ਦੀ ਹਾਜ਼ਰੀ ਵਿਚ ਕਿਸਾਨਾਂ ਦੀ 6 ਮੈਂਬਰੀ ਕਮੇਟੀ, ਜਿਸ ਵਿੱਚ ਬਲਦੇਵ ਸਿੰਘ ਸਿਰਸਾ, ਸੁਖਪਾਲ ਸਿੰਘ ਡੱਫਰ ਤੇ ਗਗਨਪ੍ਰੀਤ ਸਿੰਘ ਮੋਹਾ, ਮਨਜੀਤ ਸਿੰਘ ਰਾਏ ਤੇ ਬਲਵਿੰਦਰ ਸਿੰਘ ਰਾਜੂ ਔਲਖ ਸ਼ਾਮਲ ਸਨ, ਨਾਲ ਮੀਟਿੰਗ ਕਰੀਬ 4 ਘੰਟੇ ਚੱਲੀ, ਜਿਸ ਪਿੱਛੋਂ 450 ਕਰੋੜ ਦੀ ਪਿਛਲੀ ਅਦਾਇਗੀ ਵਿੱਚੋਂ 200 ਕਰੋੜ ਰੁਪਏ ਕਿਸਾਨਾਂ ਦੇ ਖਾਤਿਆਂ ਵਿੱਚ ਇਸ ਹਫ਼ਤੇ ਪਾਉਣ, ਨਿੱਜੀ ਖੰਡ ਮਿੱਲਾਂ 25 ਨਵੰਬਰ ਤੋਂ ਚਾਲੂ ਕਰਨ, ਚਾਲੂ ਪਿੜਾਈ ਸੀਜ਼ਨ ਦੀ ਅਦਾਇਗੀ 14 ਦਿਨ ਵਿੱਚ ਯਕੀਨੀ ਕਰਨ ਤੇ ਗੰਨੇ ਦਾ ਰੇਟ 350 ਰੁਪਏ ਕੁਇੰਟਲ ਕਰਨ ਲਈ ਕਿਸਾਨ ਆਗੂਆਂ ਦੀ ਮੁੱਖ ਮੰਤਰੀ ਨਾਲ ਇਸੇ ਹਫ਼ਤੇ ਮੀਟਿੰਗ ਕਰਵਾਉਣ 'ਤੇ ਸਹਿਮਤੀ ਬਣ ਗਈ ਹੈ।

ਐੱਸ ਡੀ ਐੱਮ ਹਰਚਰਨ ਸਿੰਘ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਪਿਛਲੇ 450 ਕਰੋੜ ਬਕਾਏ ਦੇ 200 ਕਰੋੜ ਇਸੇ ਹਫ਼ਤੇ ਕਿਸਾਨਾਂ ਦੇ ਖਾਤਿਆਂ ਵਿੱਚ ਪੈ ਜਾਣਗੇ, ਖੰਡ ਮਿੱਲਾਂ ਛੇਤੀ ਚਲਾਈਆਂ ਜਾਣਗੀਆਂ, ਕਿਸਾਨ ਮੰਗਾਂ ਲਈ ਕੇਨ ਕਮਿਸ਼ਨਰ ਵਲੋਂ ਐੱਸ ਡੀ ਐੱਮ ਦਫ਼ਤਰ ਦਸੂਹਾ ਵਿਖੇ ਕਿਸਾਨ ਆਗੂਆਂ ਨਾਲ ਮੀਟਿੰਗ ਹੋਵੇਗੀ, ਕਿਸਾਨੀ ਮੰਗਾਂ ਲਈ ਅਗਲੇ ਹਫ਼ਤੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰਾਈ ਜਾਵੇਗੀ ਅਤੇ ਗੰਨੇ ਦਾ ਰੇਟ 350 ਰੁਪਏ ਪ੍ਰਤੀ ਕੁਇੰਟਲ ਕਰਨ ਸਣੇ ਬਾਕੀ ਮੰਗਾਂ ਲਈ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਮਾਗਮਾਂ ਪਿੱਛੋਂ ਮੁੱਖ ਮੰਤਰੀ ਨਾਲ ਕਰਾਈ ਜਾਵੇਗੀ। ਇਸ ਸਹਿਮਤੀ ਪਿੱਛੋਂ ਕਿਸਾਨਾਂ ਨੇ 41 ਘੰਟੇ ਤੋਂ ਨੈਸ਼ਨਲ ਹਾਈਵੇ ਅਤੇ ਰੇਲ ਰੂਟ ਉੱਤੇ ਦਿੱਤਾ ਧਰਨਾ ਚੁੱਕ ਲਿਆ।

## ਪਬਲਿਕ ਸਰਵਿਸ ਕਮਿਸ਼ਨ ਦੇ ਸਾਬਕਾ ਚੇਅਰਮੈਨ ਨੇ ਕੀਤੀ ਖੁਦਕੁਸ਼ੀ



ਸ਼ਿਮਲਾ, 18 ਨਵੰਬਰ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਪਬਲਿਕ ਸਰਵਿਸ ਕਮਿਸ਼ਨ ਦੇ ਸਾਬਕਾ ਚੇਅਰਮੈਨ ਸੇਵਾ ਮੁਕਤ ਮੇਜਰ ਜਨਰਲ ਚੰਦਰ ਮੋਹਨ ਸ਼ਰਮਾ ਨੇ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਉਨ੍ਹਾ ਨੇ ਗੋਲੀ ਆਪਣੇ ਸਿਰ ਵਿੱਚ ਮਾਰੀ ਅਤੇ ਉਨ੍ਹਾਂ ਦੀ ਲਾਸ਼ ਖੂਨ ਨਾਲ ਲਥਪਥ ਉਨ੍ਹਾਂ ਦੇ ਨਿਵਾਸ ਦੇ ਬੇਸਮੈਂਟ ਵਿੱਚ ਪਈ ਮਿਲੀ।

ਮਿਲੀ ਜਾਣਕਾਰੀ ਅਨੁਸਾਰ ਪੁਲਸ ਨੂੰ ਗੋਲੀ ਚੱਲਣ ਦੀ ਇਹ ਸੂਚਨਾ ਕੱਲ੍ਹ ਸਵੇਰੇ ਮਿਲੀ। ਚੰਦਰ ਮੋਹਨ ਸ਼ਰਮਾ ਦਾ ਹੋਲੀ ਲੱਜ ਦੇ ਨੇੜੇ ਆਪਣਾ ਮਕਾਨ ਹੈ। ਉਨ੍ਹਾਂ ਦੀ ਉਮਰ 67 ਸਾਲ ਦੇ ਕਰੀਬ ਸੀ ਤੇ ਮੂਲ ਰੂਪ ਤੋਂ ਸ਼ਿਮਲਾ ਦੇ ਹੀ ਰਹਿਣ ਵਾਲੇ ਸਨ। ਉਹ ਜਨਵਰੀ 2009 ਤੋਂ ਜੂਨ 2013 ਤੱਕ ਹਿਮਾਚਲ ਪ੍ਰਦੇਸ਼ ਸਰਵਿਸ ਕਮਿਸ਼ਨ ਦੇ ਚੇਅਰਮੈਨ ਰਹੇ। ਘਰ ਵਿੱਚ ਉਨ੍ਹਾਂ ਦੀ ਪਤਨੀ ਵੀ ਨਾਲ ਰਹਿੰਦੀ ਹੈ। ਉਨ੍ਹਾਂ ਦੀ ਪਤਨੀ ਰਾਤ ਸਮੇਂ ਨਾਲ ਸੀ, ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਲੱਗਾ ਕਿ ਚੰਦਰ ਮੋਹਨ ਸ਼ਰਮਾ ਕਿਸ ਵੇਲੇ ਆਪਣੇ ਕਮਰੇ ਤੋਂ ਉਠ ਕੇ ਬੇਸਮੈਂਟ ਗਏ ਅਤੇ ਕਦੋਂ ਗੋਲੀ ਚਲਾਈ। ਜਾਂਚ ਦੇ ਦੌਰਾਨ ਪੁਲਸ ਨੂੰ ਮੌਕੇ 'ਤੇ ਇਕ ਪਿਸਤੌਲ ਸਮੇਤ ਸੁਸਾਈਡ ਨੋਟ ਬਰਾਮਦ ਹੋਇਆ ਹੈ।

## ਛੱਤੀਸਗੜ੍ਹ ਵਿੱਚ ਕਾਂਗਰਸੀ ਆਗੂਆਂ ਦਾ ਸਟਿੰਗ ਆਪਰੇਸ਼ਨ ਕਰਨ ਲਈ ਪੈਸਿਆਂ ਦੀ ਪੇਸ਼ਕਸ਼

### ਭਾਜਪਾ ਸਰਕਾਰ ਦਾ ਚਹੇਤਾ ਲੋਕ ਸੰਪਰਕ ਕਮਿਸ਼ਨਰ ਫਸਿਆ




ਨਵੀਂ ਦਿੱਲੀ, 18 ਨਵੰਬਰ, (ਪੋਸਟ ਬਿਊਰੋ)- ਕਾਂਗਰਸ ਦੇ ਆਗੂਆਂ ਦੇ ਸਟਿੰਗ ਆਪਰੇਸ਼ਨ ਕਰਾਉਣ ਲਈ ਪੈਸਿਆਂ ਦੀ ਪੇਸ਼ਕਸ਼ ਕਰਦੇ ਫੜੇ ਗਏ ਛੱਤੀਸਗੜ੍ਹ ਰਾਜ ਦੇ ਲੋਕ ਸੰਪਰਕ ਕਮਿਸ਼ਨਰ ਨੂੰ ਅਹੁਦੇ ਤੋਂ ਹਟਾਉਣ ਲਈ ਚੋਣ ਕਮਿਸ਼ਨ ਨੇ ਛੱਤੀਸਗੜ੍ਹ ਸਰਕਾਰ ਨੂੰ ਆਦੇਸ਼ ਜਾਰੀ ਕੀਤਾ ਹੈ।

ਚੋਣ ਕਮਿਸ਼ਨ ਦੇ ਬੁਲਾਰੇ ਨੇ ਅੱਜ ਦੱਸਿਆ ਕਿ ਛੱਤੀਸਗੜ੍ਹ ਸਰਕਾਰ ਦੇ ਲੋਕ ਸੰਪਰਕ ਵਿਭਾਗ ਦੇ ਸੈਕਟਰੀ ਅਤੇ ਕਮਿਸ਼ਨਰ ਐੱਸ ਰਾਜੇਸ਼ ਟੋਪੋ ਨੂੰ ਅਹੁਦੇ ਤੋਂ ਹਟਾਉਣ ਦਾ ਆਦੇਸ਼ ਦਿੱਤਾ ਗਿਆ ਹੈ। ਇਹ ਕਾਰਵਾਈ ਰਾਜ ਦੇ ਕਾਂਗਰਸੀ ਆਗੂਆਂ ਦੇ ਖ਼ਿਲਾਫ਼ ਸਟਿੰਗ ਆਪਰੇਸ਼ਨ ਲਈ ਪੈਸੇ ਦੀ ਪੇਸ਼ਕਸ਼ ਕਰਨ ਦੇ ਦੋਸ਼ ਵਿਚ ਕੀਤੀ ਗਈ ਹੈ। ਬੁਲਾਰੇ ਨੇ ਕਿਹਾ ਕਿ ਕਮਿਸ਼ਨ ਦੀ ਸੋਚ ਹੈ ਕਿ ਇਕ ਸੀਨੀਅਰ ਪ੍ਰਸ਼ਾਸਨਿਕ ਅਫਸਰ ਨੇ ਅਸੱਭਿਆ ਭਾਸ਼ਾ ਦੀ ਵਰਤੋਂ ਤਾਂ ਕੀਤੀ ਹੀ, ਨਾਲ ਇਹ ਪੱਖਪਾਤ ਵੀ ਜ਼ਾਹਰ ਕਰਦਾ ਹੈ। ਟੋਪੋ ਨੂੰ ਇਕ ਆਡੀਓ ਟੇਪ ਵਿਚ ਕਿਸੇ ਪੱਤਰਕਾਰ ਨਾਲ ਕਾਂਗਰਸ ਕਾਰਕੁੰਨਾਂ ਨੂੰ ਪਾਰਟੀ ਦੇ ਇਕ ਸੀਨੀਅਰ ਆਗੂ ਲਈ ਮਾੜੀ ਭਾਸ਼ਾ ਦੀ ਵਰਤੋਂ ਕਰਦੇ ਹੋਏ ਵੀਡੀਓ ਟੇਪ ਬਣਾਉਣ ਨੂੰ ਕਹਿੰਦੇ ਸੁਣਿਆ ਜਾ ਸਕਦਾ ਹੈ।

ਵਰਣਣ ਯੋਗ ਹੈ ਕਿ ਛੱਤੀਸਗੜ੍ਹ ਵਿਚ ਵਿਧਾਨ ਸਭਾ ਚੋਣ ਦੇ ਦੂਜੇ ਅਤੇ ਆਖਰੀ ਪੜਾਅ ਵਿਚ 72 ਸੀਟਾਂ ਉੱਤੇ 20 ਨਵੰਬਰ ਨੂੰ ਵੋਟਾਂ ਪੈਣਗੀਆਂ, ਪਹਿਲੇ ਪੜਾਅ ਲਈ 18 ਸੀਟਾਂ 'ਤੇ ਵੋਟਿੰਗ 12 ਨਵੰਬਰ ਨੂੰ ਹੋ ਚੁੱਕੀ ਹੈ।

## ਖੁਦ ਨੂੰ ਜ਼ਹਿਰ ਦਾ ਟੀਕਾ ਲਾ ਕੇ ਮਹਿਲਾ ਡਾਕਟਰ ਵੱਲੋਂ ਖੁਦਕੁਸ਼ੀ

ਵਾਰਾਣਸੀ, 17 ਨਵੰਬਰ (ਪੋਸਟ ਬਿਊਰੋ)- ਇਸ ਮਹਾਨਗਰ ਵਿੱਚ ਮਹਿਲਾ ਡਾਕਟਰ ਸ਼ਿਲਪੀ ਰਾਜਪੂਤ (48) ਨੇ ਜ਼ਹਿਰ ਦਾ ਟੀਕਾ ਲਾ ਕੇ ਖੁਦਕੁਸ਼ੀ ਕਰ ਲਈ। ਮੌਕੇ ਤੋਂ ਮਿਲੇ ਸੁਸਾਈਡ ਨੋਟ ਵਿੱਚ ਬੇਟੇ 'ਤੇ ਦੋਸ਼ ਲਾਇਆ ਹੈ।

ਵਾਰਾਣਸੀ ਸ਼ਹਿਰ ਦੇ ਅਰਦਲੀ ਬਾਜ਼ਾਰ ਇਲਾਕੇ ਵਿੱਚ ਨਿਊ ਉਮੰਗ ਨਰਸਿੰਗ ਹੋਮ ਦੀ ਮਾਲਕਣ ਡਾ. ਸ਼ਿਲਪੀ ਗਾਇਨੇ ਅਤੇ ਇਸਤਰੀ ਰੋਗ ਮਾਹਰ ਸੀ। ਪੁਲਸ ਦੇ ਦੱਸਣ ਅਨੁਸਾਰ ਕੱਲ੍ਹ ਰਾਤ ਡਾ. ਸ਼ਿਲਪੀ ਬੈਡਰੂਮ ਦੀ ਬਜਾਏ ਥੱਲੇ ਚੈਂਬਰ ਵਿੱਚ ਸੁੱਤੀ ਸੀ। ਦੇਰ ਰਾਤ ਉਨ੍ਹਾਂ ਨੇ ਖੁਦ ਨੂੰ ਜ਼ਹਿਰ ਦੇ ਦੋ ਟੀਕੇ ਲਾਏ। ਨਰਸਿੰਗ ਹੋਮ ਦੇ ਕਰਮਚਾਰੀਆਂ ਨੂੰ ਜਦ ਤੱਕ ਜਾਣਕਾਰੀ ਹੋਈ, ਤਦ ਤੱਕ ਮੌਤ ਹੋ ਚੁੱਕੀ ਸੀ। ਪ੍ਰਾਈਵੇਟ ਹਸਪਤਾਲ ਲੈ ਜਾਣ 'ਤੇ ਡਾਕਟਰਾਂ ਨੇ ਸ਼ਿਲਪੀ ਰਾਜਪੂਤ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਦਿੱਲੀ ਵਿੱਚ ਰਹਿ ਕੇ ਪੜ੍ਹ ਰਹੇ ਉਸ ਦੇ ਬੇਟੇ ਉਮੰਗ ਅਤੇ ਬੇਟੀ ਦੀਪਤੀ ਨੂੰ ਇਸ ਦੀ ਸੂਚਨਾ ਦਿੱਤੀ ਗਈ ਹੈ। ਪੁਲਸ ਨੂੰ ਜਾਂਚ ਵਿੱਚ ਪਤਾ ਲੱਗਾ ਕਿ ਡਾ. ਸ਼ਿਲਪੀ ਦੀ ਮਾਨਸਿਕ ਸਥਿਤੀ ਪਿਛਲੇ ਦੋ ਤਿੰਨ ਮਹੀਨੇ ਤੋਂ ਠੀਕ ਨਹੀਂ ਸੀ। ਉਹ ਹਾਈ ਡੋਜ਼ ਵਾਲੇ ਡਰੱਗਸ ਦੇ ਟੀਕੇ ਲੈਂਦੀ ਸੀ।

## ਟੋਰੀ ਕਨਵੈਨਸ਼ਨ: ਮੋਸ਼ਨਾਂ ਤੋਂ ਐਕਸ਼ਨਾਂ ਤੱਕ ਦੇ ਸੁਆਲ

...ਪੰਨਾ 1 ਦਾ ਬਾਕੀ

ਵਰਨਣਯੋਗ ਹੈ ਕਿ ਜੈਂਡਰ ਆਈਡੈਂਟਿਟੀ ਉਹ ਸਿਧਾਂਤ ਹੈ ਜਿਸ ਵਿੱਚ ਮਰਦ ਅਤੇ ਇਸਤਰੀ ਤੋਂ ਇਲਾਵਾ ਹੋਰ ਸੈਕਸੂਅਲ ਪਹਿਚਾਣ ਵਾਲਿਆਂ ਨੂੰ ਆਪਣੀ ਸ਼ਨਾਖਤ ਦੱਸਣ ਦਾ ਹੱਕ ਦਿੱਤਾ ਜਾਂਦਾ ਹੈ। ਇੱਥੇ ਇਹ ਗੱਲ ਸਪੱਸ਼ਟ ਕਰਨੀ ਬਣਦੀ ਹੈ ਕਿ ਇਹ ਮੋਸ਼ਨ ਸਿਰਫ਼ ਬਹਿਸ ਕਰਨ ਲਈ ਪਾਸ ਹੋਇਆ ਹੈ ਨਾ ਕਿ ਟੋਰੀ ਪਾਰਟੀ ਲਈ ਪਾਲਸੀ ਵਜੋਂ ਪਾਸ ਹੋਇਆ ਹੈ। ਇਸਦੇ ਬਾਵਜੂਦ ਇਸ ਮੋਸ਼ਨ ਕਾਰਣ ਖੱਬੇ ਪੱਖੀ ਸਿਆਸੀ ਪਾਰਟੀਆਂ ਲਿਬਰਲ ਅਤੇ ਐਨ ਡੀ ਪੀ ਵਿੱਚ ਬਹੁਤ ਚਰਚਾ ਆਰੰਭ ਹੋ ਚੁੱਕੀ ਹੈ ਅਤੇ ਮੀਡੀਆ ਨੇ ਵੀ ਇਸ ਮੋਸ਼ਨ ਨੂੰ ਬਹੁਤ ਉਛਾਲਿਆ ਹੈ। ਅਗਲੇ ਸਾਲ ਹੋਣ ਵਾਲੀ ਕਨਵੈਨਸ਼ਨ ਵਿੱਚ ਇਸ ਮੋਸ਼ਨ ਉੱਤੇ ਬਹਿਸ ਹੋਵੇਗੀ।

ਕਨਵੈਨਸ਼ਨ ਵਿੱਚ ਆਟੋ ਬੀਮਾ ਸੁਧਾਰਾਂ ਬਾਰੇ ਮੋਸ਼ਨ ਪਾਸ ਨਹੀਂ ਹੋਇਆ। ਇਸ ਮੋਸ਼ਨ ਦਾ ਮਕਸਦ ਆਟੋ ਬੀਮਾਂ ਦਰਾਂ ਨੂੰ ਘੱਟ ਕਰਨਾ ਅਤੇ ਬੀਮਾਂ ਲਾਭਾਂ ਨੂੰ ਪਹਿਲਾਂ ਵਰਗਾ ਹੀ ਰੱਖਣ ਦੀ ਗੱਲ ਕੀਤੀ ਗਈ ਸੀ। ਇਸ ਮੋਸ਼ਨ ਬਾਰੇ ਹਾਲੇ ਬਹੁਤੀ ਜਾਣਕਾਰੀ ਪ੍ਰਾਪਤ ਨਹੀਂ ਹੋਈ ਹੈ ਪਰ ਇਸਦਾ ਫੇਲ ਹੋਣਾ ਇੱਕ ਦਿਲਚਸਪ ਗੱਲ ਹੈ।

ਕਨਵੈਨਸ਼ਨ ਨੂੰ ਫੈਡਰਲ ਟੋਰੀ ਆਗੂ ਐਂਡਰੀਊ ਸ਼ੀਅਰ ਨੇ ਵੀ ਸੰਬੋਧਨ ਕੀਤਾ। ਉਸਨੇ ਪ੍ਰੋਵਿੰਸ਼ੀਅਲ ਡੈਲੀਗੇਟਾਂ ਨੂੰ ਅਪੀਲ ਕੀਤੀ ਕਿ ਅਗਲੇ ਸਾਲ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਨੂੰ ਹਰਾਉਣ ਲਈ ਹੁਣ ਤੋਂ ਹੀ ਕਮਰਕੱਸੇ ਕੱਸ ਲੈਣ ਦੀ ਲੋੜ ਹੈ। ਉਸਨੇ ਵਾਰ 2 ਲੀਸਾ ਮੈਕਲੀਓਡ ਦੇ ਕੰਮਕਾਜ ਦੀ ਸ਼ੈਲੀ ਅਤੇ ਹਿੰਮਤ ਦੀ ਗੱਲ ਕੀਤੀ। ਉਸਦਾ ਇਹ ਪ੍ਰਤੀਕਰਮ ਲੀਸਾ ਮੈਕਲੀਓਡ ਬਾਰੇ ਪੈਟਰਿਕ ਬਰਾਊਨ ਦੀ ਪੁਸਤਕ ਵਿੱਚ ਲਾਏ ਗਏ ਦੋਸ਼ਾਂ ਕਾਰਣ ਪੈਦਾ ਹੋਇਆ ਜਾਪਦਾ ਸੀ। ਜਸਟਿਨ ਟਰੂਡੋ ਉੱਤੇ ਹਮਲਾ ਕਰਦੇ ਹੋਏ ਐਂਡੀਰੀਊ ਸ਼ੀਅਰ ਨੇ ਕਿਹਾ ਕਿ ਲਿਬਰਲਾਂ ਦੇ ਖਰਚਿਆਂ ਨੂੰ ਕਾਬੂ ਨਕੇਲ ਪਾਉਣ ਲਈ ਕੰਜ਼ਰਵੇਟਿਵ ਪਾਰਟੀ ਦਾ ਜਿੱਤਣਾ ਬਹੁਤ ਲਾਜ਼ਮੀ ਹੈ।

ਸ਼ੁੱਕਰਵਾਰ ਵਾਲੇ ਦਿਨ ਪਾਰਟੀ ਡੈਲੀਗੇਟਾਂ ਨੂੰ ਸੰਬੋਧਨ ਕਰਦੇ ਹੋਏ ਪ੍ਰੀਮੀਅਰ ਡੱਗ ਫੋਰਡ ਨੇ ਕਿਹਾ ਸੀ ਕਿ 15 ਸਾਲਾਂ ਦੇ ਲਿਬਰਲ ਸਕੈਂਡਲਾਂ ਨੂੰ ਝੱਲਣ ਤੋਂ ਬਾਅਦ ਅਸੀਂ ਸਰਕਾਰ ਬਣਾਈ ਹੈ ਅਤੇ ਪਿਛਲੇ 15 ਸਾਲ ਦਾ ਸਮਾਂ ਮਾੜੇ ਵਿੱਤੀ ਪ੍ਰਬੰਧ ਅਤੇ ਫਜ਼ੂਲਖਰਚੇ ਦੀ ਕਹਾਣੀ ਤੋਂ ਵੱਧ ਕੁੱਝ ਨਹੀਂ ਹੈ। ਉਹਨਾਂ ਦਾਅਵਾ ਕੀਤਾ ਕਿ ਜੂਨ 2018 ਵਿੱਚ ਟੋਰੀ ਸਰਕਾਰ ਬਣਨ ਤੋਂ ਬਾਅਦ ਹੀ ਪ੍ਰਗਤੀ ਦੇ ਰਸਤੇ ਖੁੱਲੇ ਹਨ।

ਇਸ ਦਰਮਿਆਨ ਪਾਰਟੀ ਦੀ ਐਗਜ਼ੈਕਟਿਵ ਲਈ ਹੋਈ ਚੋਣ ਵਿੱਚ ਬਰਾਇਨ ਪੈਟਰਸਨ ਨੂੰ ਪ੍ਰੈਜ਼ੀਡੈਂਟ ਚੁਣਿਆ ਲਿਆ ਗਿਆ ਹੈ। ਉਸਦੇ ਖਿਲਾਫ਼ ਜਿਮ ਕਾਰਾਹੇਲੀਓਸ ਪ੍ਰੈਜ਼ੀਡੈਂਟ ਅਹੁਦੇ ਲਈ ਉਮੀਦਵਾਰ ਸੀ। ਜਿਮ ਕਾਰਾਹੇਲੀਓਸ ਕੈਂਬਰਿਜ ਤੋਂ ਟੋਰੀ ਐਮ ਪੀ ਪੀ ਬਲਿੰਡਾ ਕਾਰਾਹੇਲੀਓਸ ਦਾ ਪਤੀ ਹੈ ਜਿਸਦੇ ਵਿੱਤ ਮੰਤਰੀ ਵਿੱਕ ਫਿਡੇਲੀ ਅਤੇ ਹੋਰ ਆਗੂਆਂ ਨਾਲ ਬਹੁਤ ਚੰਗੇ ਸਬੰਧ ਨਹੀਂ ਰਹੇ ਹਨ। ਬਰਾਇਨ ਪੈਟਰਸਨ ਨੂੰ ਪ੍ਰੀਮੀਅਰ ਡੱਗ ਫੋਰਡ ਦੀ ਹਮਾਇਤ ਹਾਸਲ ਸੀ ਜਿਸ ਬਾਰੇ ਉਹ ਖੁੱਲਮ ਖੁੱਲਾ ਪ੍ਰਚਾਰ ਕਰਦਾ ਆਇਆ ਹੈ।

ਪਾਰਟੀ ਪ੍ਰਧਾਨ ਰਿੱਕ ਡਾਇਕਸਟਰਾ ਵੱਲੋਂ 2017 ਵਿੱਚ ਲੱਗੇ ਸੈਕਸੂਅਲ ਬਦਸਲੂਕੀ ਕਰਨ ਦੇ ਦੋਸ਼ਾਂ ਤੋਂ ਬਾਅਦ ਅੱਧ ਵਿਚਾਲੇ ਅਸਤੀਫਾ ਦੇਣ ਤੋਂ ਬਾਅਦ ਜੈਗ ਬਡਵਾਲ ਪ੍ਰਧਾਨ ਨੂੰ ਪ੍ਰਧਾਨ ਬਣਾਇਆ ਗਿਆ ਸੀ। ਜੈਗ ਨੇ ਚੋਣ ਨਾ ਲੜਨ ਦਾ ਫੈਸਲਾ ਕੀਤਾ ਸੀ। ਪਿਛਲੀ ਟਰਮ ਦਾ ਸਾਬਕਾ ਪ੍ਰਧਾਨ ਹੋਣ ਨਾਤੇ ਜੈਗ ਪਾਰਟੀ ਦੀ ਐਗਜੈਕਟਿਵ ਦਾ ਮੈਂਬਰ ਹੋਵੇਗਾ। ਡੈਲੀਗੇਟਾਂ ਵਿੱਚ ਚੱਲ ਰਹੀ ਘੁਸਰ ਮੁਸਰ ਵਿੱਚ ਇੱਕ ਗੱਲ ਸਾਹਮਣੇ ਆਈ ਕਿ ਡੱਗ ਫੋਰਡ ਦੇ ਚੋਣ ਜਿੱਤਣ ਤੋਂ ਬਾਅਦ ਟੋਰੀ ਪਾਰਟੀ ਵਿੱਚ ਐਥੀਨਕ ਭਾਈਚਾਰੇ ਦਾ ਜ਼ੋਰ ਘੱਟਦਾ ਜਾ ਰਿਹਾ ਹੈ। ਐਗਜੈਕਟਿਵ ਲਈ ਚੁਣੇ ਗਏ ਹੋਰ ਮੈਂਬਰਾਂ ਦੇ ਨਾਮ ਰਿਪੋਰਟ ਲਿਖੇ ਜਾਣ ਤੱਕ ਪਤਾ ਨਹੀਂ ਲੱਗੇ ਸਨ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੈਜ਼ੀ ਇੰਸਟ੍ਰਕਟਰ
647-998-7500 ਬਲਵਿੰਦਰ



PUNJABI RANG RADIO
CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com



GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648




KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ




■ ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਨੋਟਬੰਦੀ ਦਾ ਖਮਿਆਜ਼ਾ ਭਾਰਤ ਅਜੇ ਤੱਕ ਭੁਗਤ ਰਿਹੈ

–ਰਾਜਿੰਦਰ ਰਾਣਾ (ਵਿਧਾਇਕ, ਹਿਮਾਚਲ ਪ੍ਰਦੇਸ਼)

ਨੋਟਬੰਦੀ ਦੀ ਦੂਜੀ ਬਰਸੀ ਬੀਤ ਗਈ, ਪਰ ਇਸ ਦੇ ਬੁਰੇ ਅਸਰਾਂ ਦੇ ਕੁਚੱਕਰ 'ਚੋਂ ਦੇਸ਼ ਅਜੇ ਤੱਕ ਬਾਹਰ ਨਹੀਂ ਨਿਕਲ ਸਕਿਆ। ਦੋ ਸਾਲ ਪਹਿਲਾਂ ਅੱਠ ਨਵੰਬਰ 2016 ਦੀ ਰਾਤ ਅੱਠ ਵਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਚਾਨਕ ਟੀ ਵੀ ਉੱਤੇ ਦੇਸ਼ ਨੂੰ ਸੰਬੋਧਨ ਕਰਦਿਆਂ 500 ਅਤੇ 1000 ਰੁਪਏ ਵਾਲੇ ਨੋਟ ਬੰਦ ਕਰਨ ਦਾ ਐਲਾਨ ਕਰ ਕੇ ਲਗਭਗ 17 ਲੱਖ ਕਰੋੜ ਰੁਪਏ ਮੁੱਲ ਦੀ ਕਰੰਸੀ ਨੂੰ ਕੂੜਾ ਕਰ ਦਿੱਤਾ। ਦਲੀਲ ਇਹ ਦਿੱਤੀ ਕਿ ਅਜਿਹਾ ਕਰਨ ਨਾਲ ਕਾਲੇ ਧਨ 'ਤੇ ਰੋਕ ਲੱਗੇਗੀ, ਜਾਅਲੀ ਕਰੰਸੀ ਬਾਹਰ ਹੋਵੇਗੀ ਅਤੇ ਅੱਤਵਾਦ ਨੂੰ ਵਿੱਤੀ ਸਹਾਇਤਾ ਮਿਲਣੀ ਬੰਦ ਹੋ ਜਾਵੇਗੀ। ਪ੍ਰਧਾਨ ਮੰਤਰੀ ਦੇ ਇਸ ਐਲਾਨ ਨਾਲ ਦੇਸ਼ ਦੇ ਲੋਕ ਹੱਕੇ-ਬੱਕੇ ਰਹਿ ਗਏ ਤੇ ਦੇਸ਼ ਵਿੱਚ ਤਰਥੱਲੀ ਮਚ ਗਈ। ਬੈਂਕਾਂ, ਏ ਟੀ ਐੱਮਜ਼ ਦੇ ਬਾਹਰ ਲੋਕਾਂ ਦੀਆਂ ਲੰਮੀਆਂ ਲਾਈਨਾਂ ਲੱਗ ਗਈਆਂ। ਦੋ ਮਹੀਨਿਆਂ ਵਿੱਚ 105 ਵਿਅਕਤੀਆਂ ਦੀ ਜਾਨ ਗਈ। ਲੋਕਾਂ ਦਾ ਗੁੱਸਾ ਵਧਦਾ ਦੇਖ ਕੇ ਮੋਦੀ ਸਰਕਾਰ ਰੋਜ਼ ਆਪਣੇ ਫਰਮਾਨ ਬਦਲਦੀ ਰਹੀ ਤੇ ਨੋਟਬੰਦੀ ਬਾਰੇ ਨਿੱਤ ਨਵਾਂ ਹੁਕਮ ਜਾਰੀ ਕਰਦੀ ਰਹੀ। ਮੋਦੀ ਸਰਕਾਰ ਨੇ ਦੋ ਮਹੀਨਿਆਂ ਵਿੱਚ ਨੋਟਬੰਦੀ ਦੇ 59 ਹੁਕਮ ਜਾਰੀ ਕੀਤੇ, ਪਰ ਲੋਕਾਂ ਨੂੰ ਰਾਹਤ ਕੀ ਮਿਲਣੀ ਸੀ, ਉਲਟਾ ਬੈਂਕਾਂ ਅਤੇ ਵਿੱਤੀ ਅਦਾਰਿਆਂ ਦੀਆਂ ਮੁਸ਼ਕਲਾਂ ਵੀ ਵਧ ਗਈਆਂ। ਪਾਰਲੀਮੈਂਟ ਤੱਕ ਵਿੱਚ ਨੋਟਬੰਦੀ ਦੇ ਫੈਸਲੇ ਨੂੰ ਲੈ ਕੇ ਹੰਗਾਮਾ ਹੋਇਆ, ਪਰ ਮੋਦੀ ਜਵਾਬ ਦੇਣ ਤੋਂ ਬਚਦੇ ਰਹੇ।

ਦੇਸ਼ ਦੇ ਲੋਕਾਂ ਨੂੰ ਜੋ ਦਲੀਲਾਂ ਦੇ ਕੇ ਮੋਦੀ ਸਰਕਾਰ ਨੇ ਨੋਟਬੰਦੀ ਲਗੂ ਕੀਤੀ ਸੀ, ਉਹ ਸਾਰੀਆਂ ਖੋਖਲੀਆਂ ਸਿੱਧ ਹੋਈਆਂ। ਨੋਟਬੰਦੀ ਕਾਰਨ ਦੇਸ਼ ਦੇ ਛੋਟੇ ਉਦਯੋਗ ਖਤਮ ਹੋ ਗਏ, ਸੇਵਾ ਖੇਤਰ ਵਿੱਚ ਸੰਕਟ ਆ ਗਿਆ, ਕਸ਼ਮੀਰ ਦੇ ਅੱਤਵਾਦੀਆਂ ਨੂੰ ਮਿਲਣ ਵਾਲੀ ਵਿੱਤੀ ਸਹਾਇਤਾ ਵੀ ਬੰਦ ਨਹੀਂ ਹੋਈ ਤੇ ਨਾ ਕਸ਼ਮੀਰ 'ਚ ਸ਼ਾਂਤੀ ਬਹਾਲ ਹੋ ਸਕੀ। ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਜ਼ਬਰਦਸਤ ਨੁਕਸਾਨ ਝੱਲਣਾ ਪਿਆ। ਨੋਟਬੰਦੀ ਨਾਲ ਕਾਲਾ ਧਨ ਬਾਹਰ ਨਹੀਂ ਆਇਆ, ਪਰ ਸਿੱਧੇ ਤੌਰ 'ਤੇ ਦੇਸ਼ ਨੂੰ ਪੰਜ ਨੁਕਸਾਨ ਝੱਲਣੇ ਪਏ: ਜੀ ਡੀ ਪੀ 'ਚ ਗਿਰਾਵਟ ਆਈ, ਬੇਰੋਜ਼ਗਾਰੀ ਵਧ ਗਈ, ਬੈਂਕ ਕਰਜ਼ਾ ਵਧ ਗਿਆ, ਆਮ ਆਦਮੀ ਦੀ ਸੇਵਿੰਗ ਘਟ ਗਈ ਤੇ ਸਰਕਾਰ ਦੀ ਕਮਾਈ ਵਿੱਚ ਕੋਈ ਵਾਧਾ ਨਹੀਂ ਹੋਇਆ।

ਆਰ ਬੀ ਆਈ ਨੇ ਮੰਨਿਆ ਹੈ ਕਿ ਨੋਟਬੰਦੀ ਤੋਂ ਬਾਅਦ 99.3 ਫੀਸਦੀ ਪੈਸਾ ਵਾਪਸ ਆਇਆ ਹੈ, ਸਿਰਫ 0.7 ਫੀਸਦੀ ਪੈਸਾ ਵਾਪਸ ਆਉਣਾ ਰਹਿ ਗਿਆ ਹੈ। ਸਵਾਲ ਉਠਦਾ ਹੈ ਕਿ ਕੀ ਸਿਰਫ 0.7 ਫੀਸਦੀ ਰਕਮ ਲਈ ਕਾਲੇ ਧਨ ਦਾ ਹਊਆ ਖੜ੍ਹਾ ਕੀਤਾ ਗਿਆ ਸੀ? ਚਲਨ ਤੋਂ ਬਾਹਰ ਹੋਏ 12,000 ਕਰੋੜ ਰੁਪਏ ਦੇ ਨੋਟ ਬਦਲਣ ਲਈ ਪਿਛਲੇ ਦੋ ਸਾਲਾਂ 'ਚ 15,000 ਕਰੋੜ ਰੁਪਏ ਖਰਚ ਕਰ ਦਿੱਤੇ ਗਏ। ਹਕੀਕਤ ਇਹ ਹੈ ਕਿ ਮੋਦੀ ਸਰਕਾਰ ਦੇ ਨੋਟਬੰਦੀ ਦੇ ਫੈਸਲੇ ਨੇ ਦੇਸ਼ ਦੇ ਹਰ ਆਦਮੀ ਨੂੰ ਪ੍ਰਭਾਵਤ ਕੀਤਾ ਤੇ ਦੇਸ਼ ਦੀ ਅਰਥ ਵਿਵਸਥਾ ਨੂੰ ਠੱਪ ਕਰ ਦਿੱਤਾ। ਨੋਟਬੰਦੀ ਦੇ ਦਿਨਾਂ ਵਿੱਚ ਇੱਕ ਪਾਸੇ ਲੋਕ ਬੈਂਕਾਂ, ਏ ਟੀ ਐੱਮਜ਼ ਅੱਗੇ ਲਾਈਨਾਂ ਵਿੱਚ ਲੱਗੇ ਰਹੇ, ਦੂਜੇ ਪਾਸੇ ਗੁਜਰਾਤ ਦੀਆਂ ਭਾਜਪਾ ਨਾਲ ਸੰਬੰਧਤ ਕੋਆਪਰੇਟਿਵ ਬੈਂਕਾਂ 'ਚ 3118.51 ਕਰੋੜ ਰੁਪਏ ਦੇ ਪਾਬੰਦੀ ਸ਼ੁਦਾ ਨੋਟ ਜਮ੍ਹਾ ਹੋਏ, ਭਾਵ ਇੱਕ ਪਾਰਟੀ ਵਿਸ਼ੇਸ਼ ਨਾਲ ਜੁੜੇ ਲੋਕ ਬੈਂਕ ਦੇ ਪਿਛਲੇ ਦਰਵਾਜ਼ਿਓਂ ਤਿਜੌਰੀਆਂ ਭਰਦੇ ਰਹੇ। ਨੋਟਬੰਦੀ ਦੇ ਤੁਗਲਕੀ ਫੈਸਲੇ ਨੇ 35 ਲੱਖ ਨੌਕਰੀਆਂ ਖੋਹ ਲਈਆਂ ਤੇ ਡੇਢ ਕਰੋੜ ਕਿਰਤ ਸ਼ਕਤੀ ਦਾ ਨੁਕਸਾਨ ਹੋਣ ਨਾਲ ਦੇਸ਼ ਦੀ ਡੀ ਜੀ ਪੀ ਦਾ ਨੁਕਸਾਨ ਹੋ ਗਿਆ।

ਨੋਟਬੰਦੀ ਦੇ ਬੁਰੇ ਅਸਰਾਂ ਦੇ ਕਾਰਨ ਰੁਪਏ ਦੀ ਕੀਮਤ 'ਚ ਲਗਾਤਾਰ ਗਿਰਾਵਟ ਆਈ ਹੈ ਤੇ ਮੋਦੀ ਸਰਕਾਰ ਇਸ ਨੂੰ ਰੋਕ ਨਹੀਂ ਸਕੀ। ਇੱਕ ਅੰਦਾਜ਼ੇ ਮੁਤਾਬਕ ਨੋਟਬੰਦੀ ਕਾਰਨ ਦੇਸ਼ ਨੂੰ ਨੱਬੇ ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ। ਦੇਸ਼ 'ਚ ਵਿਕਾਸ ਦੀ ਕ੍ਰਾਂਤੀ ਦਾ ਢਿੰਡੋਰਾ ਪਿੱਟ ਰਹੀ ਮੋਦੀ ਸਰਕਾਰ ਕੋਲ ਇਸ ਨੁਕਸਾਨ ਦੀ ਪੂਰਤੀ ਦੀ ਕੀ ਦਲੀਲ ਹੈ? ਇਸ ਨੋਟਬੰਦੀ ਦੇ ਦਿਨਾਂ ਵਿੱਚ ਜਿਹੜੇ 105 ਲੋਕਾਂ ਦੀਆਂ ਜਾਨਾਂ ਗਈਆਂ, ਉਨ੍ਹਾਂ ਲਈ ਕੌਣ ਜੁਆਬ-ਦੇਹ ਹੈ? ਜਦੋਂ ਸਾਰਾ ਦੇਸ਼ ਨੋਟਬੰਦੀ ਦੀ ਮਾਰ ਝੱਲ ਰਿਹਾ ਸੀ ਤਾਂ ਭਾਜਪਾ ਦੇ ਖਜ਼ਾਨੇ ਵਿੱਚ 81 ਫੀਸਦੀ ਦਾ ਵਾਧਾ ਕਿਵੇਂ ਹੋ ਗਿਆ? ਇਹ ਕੁਝ ਅਜਿਹੇ ਸਵਾਲ ਹਨ, ਜਿਨ੍ਹਾਂ ਦੇ ਜਵਾਬ ਮੋਦੀ ਸਰਕਾਰ ਨੂੰ ਲੋਕਾਂ ਨੂੰ ਦੇਣੇ ਚਾਹੀਦੇ ਹਨ।

ਅਸਲੀਅਤ ਇਹ ਹੈ ਕਿ ਦੇਸ਼ ਦੇ ਛੋਟੇ ਅਤੇ ਦਰਮਿਆਨ ਕਾਰੋਬਾਰ ਨੋਟਬੰਦੀ ਦੀ ਮਾਰ ਤੋਂ ਅਜੇ ਤੱਕ ਉਭਰ ਨਹੀਂ ਸਕੇ। ਨੋਟਬੰਦੀ ਨਾਲ ਹਰ ਆਦਮੀ ਪ੍ਰਭਾਵਤ ਹੋਇਆ ਹੈ, ਚਾਹੇ ਉਹ ਕਿਸੇ ਵੀ ਉਮਰ, ਧਰਮ, ਵਰਗ, ਲਿੰਗਿਕ ਸਮੂਹ ਜਾਂ ਕਿਸੇ ਵੀ ਪੇਸ਼ੇ ਦਾ ਹੋਵੇ। ਲੱਖ ਟਕੇ ਦਾ ਸਵਾਲ ਇਹ ਹੈ ਕਿ ਜੇ ਮੋਦੀ ਸਰਕਾਰ ਮੰਨਦੀ ਹੈ ਕਿ ਨੋਟਬੰਦੀ ਨਾਲ ਦੇਸ਼ ਨੂੰ ਲਾਭ ਹੋਇਆ ਹੈ ਤਾਂ ਫਿਰ ਆਰ ਬੀ ਆਈ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੂੰ ਕਿਉਂ ਹਟਾਇਆ ਸੀ? ਕੀ ਇਹ ਸੱਚ ਨਹੀਂ ਕਿ ਰਾਜਨ ਨੇ ਬਲੈਕ ਮਨੀ ਦੇ ਕਰੋੜਾਂ ਰੁਪਏ ਰੱਖਣ ਵਾਲੇ 17 ਵਿਅਕਤੀਆਂ ਦੀ ਨਿਸ਼ਾਨਦੇਹੀ ਕੀਤੀ ਸੀ, ਜਿਨ੍ਹਾਂ ਨੂੰ ਰਾਜ ਨੇਤਾਵਾਂ ਦੀ ਮਦਦ ਨਾਲ ਬੈਂਕਾਂ ਤੋਂ ਵੱਡੇ ਕਰਜ਼ੇ ਲਏ। ਮੋਦੀ ਸਰਕਾਰ ਨੇ ਇਨ੍ਹਾਂ 17 ਵਿਅਕਤੀਆਂ ਦੀ ਸੂਚੀ ਦਬਾ ਕੇ ਰੱਖੀ ਤੇ ਅੱਜ ਤੱਕ ਉਸ ਨੂੰ ਜਾਰੀ ਨਹੀਂ ਕੀਤਾ ਗਿਆ। ਰਾਜਨ ਨੂੰ ਰਿਜ਼ਰਵ ਬੈਂਕ ਗਵਰਨਰ ਦੇ ਅਹੁਦੇ ਤੋਂ ਹਟਾਉਣ ਬਾਰੇ ਮੋਦੀ ਸਰਕਾਰ ਵੀ ਕਟਹਿਰੇ 'ਚ ਹੈ। ਐਲਾਨ ਕਰਦੇ ਸਮੇਂ ਦਾਅਵਾ ਕੀਤਾ ਗਿਆ ਸੀ ਕਿ ਇਸ ਨਾਲ ਭ੍ਰਿਸ਼ਟਾਚਾਰ, ਕਾਲੇ ਧਨ ਤੇ ਫਰਜ਼ੀ ਨੋਟਾਂ ਦੀ ਦੁਕਾਨ ਬੰਦ ਹੋਵੇਗੀ, ਪਰ ਪਿਛਲੇ ਦੋ ਸਾਲਾਂ ਵਿੱਚ ਇਸ ਦੇ ਉਲਟ ਇਨ੍ਹਾਂ 'ਚ ਵਾਧਾ ਹੀ ਹੋਇਆ।

ਮੋਦੀ ਸਰਕਾਰ ਕੋਲ ਕੀ ਇਸ ਗੱਲ ਦਾ ਜਵਾਬ ਹੈ ਕਿ ਨੋਟਬੰਦੀ ਦੌਰਾਨ ਦੇਸ਼ ਦੇ ਜਿਹੜੇ ਲੋਕਾਂ ਨੂੰ ਬੈਂਕਾਂ, ਏ ਟੀ ਐੱਮਜ਼ ਦੇ ਬਾਹਰ ਲਾਈਨਾਂ 'ਚ ਖੜ੍ਹੇ ਕਰ ਦਿੱਤਾ ਗਿਆ, ਕੀ ਉਨ੍ਹਾਂ ਕੋਲ ਕਾਲਾ ਧਨ ਸੀ? ਨੋਟਬੰਦੀ ਦੌਰਾਨ ਆਮ ਆਦਮੀ ਹੀ ਲਾਈਨ 'ਚ ਕਿਉਂ ਲੱਗਾ, ਪੂੰਜੀਪਤੀ ਤੇ ਧਨਾਢ ਲਾਈਨ 'ਚ ਕਿਉਂ ਨਾ ਲੱਗੇ? ਇਸ ਨਾਲ ਜਿਹੜੇ ਛੋਟਾ-ਮੋਟਾ ਵਪਾਰ ਕਰਦੇ ਲੋਕਾਂ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ, ਉਨ੍ਹਾਂ ਨੂੰ ਰਾਹਤ ਲਈ ਮੋਦੀ ਸਰਕਾਰ ਨੇ ਕੀ ਕਦਮ ਚੁੱਕੇ ਹਨ?

ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ॥
ਸ਼ਹੀਦ ਸ੍ਰ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਸ਼ਤਾਬਦੀ
ਅਤੇ ਗਦਰੀ ਲਹਿਰ ਦੇ ਸਮੂੰਹ ਯੋਧਿਆਂ ਨੂੰ ਸਮਰਪਿਤ



ਸਾਲਾਨਾ ਸਮਾਗਮ
ਗੁਰਦੁਆਰਾ ਗੁਰੂ ਨਾਨਕ ਸਿੱਖ ਸੈਂਟਰ
ਗਲਿਡਨ ਰੋਡ, ਬਰੈਂਪਟਨ ਵਿਖੇ
25 ਨਵੰਬਰ ਦਿਨ ਐਤਵਾਰ

ਪਾਠ ਸ੍ਰੀ ਸੁਖਮਨੀ ਸਾਹਿਬ 10 ਵਜੇ
ਕੀਰਤਨ 11 ਤੋਂ 11.45
ਕਥਾ ਵਿਖਿਆਨ 11.45 ਤੋਂ 12.30

ਸਮਾਪਤੀ ਤੋਂ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ
ਸਿੰਘ ਨਾਮ ਸ਼ੇਰ ਦਾ, ਜੋ ਲੜੇ ਗੱਜ ਕੇ

ਦਾਸਰੇ
ਜਸਬੀਰ ਸਿੰਘ ਸਰਾਭਾ 416-843-5330
ਮਨਦੀਪ ਸਿੰਘ ਸਰਾਭਾ 647-504-4949

Komplete Print Solutions, 647-272-0450 kompleteprints@gmail.com


UPPAL LAW
FREE CONSULTATION !

Avtar Uppal Manager
Aman Uppal BARRISTER, SOLICITOR

IMMIGRATION SERVICES:
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS

ਟਰੱਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8
Avtar Singh Tiwana Sales Rep



Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।



Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।



Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।



Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।

General ਵੱਰਕਰਾਂ ਦੀ ਤੁਰੰਤ ਲੋੜ ਹੈ

ਬ੍ਰੈਂਪਟਨ ਤੋਂ ਸਿਰਫ 30 ਮਿੰਟਾਂ ਦੀ ਦੂਰੀ ਤੇ
Galvanizing plant located in Acton, ON
ਸਾਰੀਆਂ Shifts available ਹਨ

ਦਿਤੀਆਂ ਜਾਣ ਵਾਲੀਆਂ ਸਹੂਲਤਾਂ:
- Starting wage $16/hr + Medical Benefits
- Company Pension Plan
- Quarterly Incentive bonus

Send Resume to: christopherbrock@azz.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਭਵਿੱਖ ਦੇ ਅਗਲੇ ਇਮਤਿਹਾਨ ਲਈ ਕਿਹੜਾ ਪੱਖ ਸੋਚਣ ਦੀ ਲੋੜ ਹੈ ਸਾਡੇ ਲੋਕਾਂ ਨੂੰ!



ਜਤਿੰਦਰ ਪੰਨੂ

ਆਹ ਹਫਤਾ ਬੀਤ ਜਾਣ ਦੇ ਨਾਲ ਹੀ ਨਰਿੰਦਰ ਮੋਦੀ ਸਰਕਾਰ ਦੇ ਸਹੀ ਮਾਅਨਿਆਂ ਵਿੱਚ ਸਾਢੇ ਚਾਰ ਸਾਲ ਬੀਤ ਜਾਣੇ ਹਨ। ਇਸ ਸਰਕਾਰ ਲਈ ਬਾਕੀ ਸਿਰਫ ਛੇ ਮਹੀਨੇ ਦਾ ਸਮਾਂ ਰਹਿੰਦਾ ਹੈ ਤੇ ਇਸ ਵਿੱਚੋਂ ਆਖਰੀ ਦੋ ਮਹੀਨੇ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਵੰਡਵੀਆਂ ਚੋਣ-ਤਰੀਕਾਂ ਨੇ ਖਾ ਲੈਣੇ ਹਨ। ਅਮਲ ਵਿੱਚ ਸਿਰਫ ਚਾਰ ਮਹੀਨੇ ਬਾਕੀ ਹਨ। ਇਸ ਦੇਸ਼ ਦੇ ਲੋਕਾਂ ਨੇ ਅਗਲਾ ਸਾਲ ਚੜ੍ਹਦੇ ਸਾਰ ਆਪਣਾ ਭਵਿੱਖ ਸਿਰਜਣ ਲਈ ਇੱਕ ਇਮਤਿਹਾਨ ਦੇਣਾ ਹੈ। ਕਿਸੇ ਵੀ ਤਰ੍ਹਾਂ ਦਾ ਇਮਤਿਹਾਨ ਹੋਵੇ, ਉਸ ਦੀ ਅਹਿਮੀਅਤ ਘੱਟ ਨਹੀਂ ਸਮਝਣੀ ਚਾਹੀਦੀ ਤੇ ਜਦੋਂ ਇਮਤਿਹਾਨ ਆਪਣੇ ਨਾਲ ਆਪਣੀ ਅਗਲੀ ਪੀੜ੍ਹੀ ਦੇ ਨਸੀਬੇ ਨੂੰ ਡੌਲਣ ਵਾਲਾ ਹੋਵੇ ਤਾਂ ਇਸ ਗੰਭੀਰਤਾ ਨੂੰ ਹੋਰ ਵੱਧ ਸਮਝਣਾ ਚਾਹੀਦਾ ਹੈ। ਭਾਰਤ ਦੇ ਲੋਕ ਇਸ ਪੱਖ ਵੱਲੋਂ ਅਵੇਸਲੇ ਹਨ। ਉਹ ਅੱਜ ਤੱਕ ਚੋਣਾਂ ਨੂੰ ਸਿਰਫ ਲੀਡਰ ਦੀ ਚੋਣ ਦਾ ਦਿਨ ਮੰਨ ਰਹੇ ਹਨ। ਆਪਣੇ ਭਵਿੱਖ ਨੂੰ ਡੌਲਣ ਦਾ ਦਿਨ ਉਨ੍ਹਾਂ ਨੇ ਕਦੇ ਮੰਨਿਆ ਨਹੀਂ ਤੇ ਇਸੇ ਕਰ ਕੇ ਯੋਗ ਸਿੱਟੇ ਵੀ ਨਹੀਂ ਨਿਕਲਦੇ ਰਹੇ। ਇਸ ਵਾਰ ਜਦੋਂ ਫਿਰ ਇੱਕ ਮੌਕਾ ਮਿਲਣ ਦੀ ਘੜੀ ਨੇੜੇ ਆਈ ਜਾਂਦੀ ਹੈ ਤਾਂ ਇਸ ਮੁਸ਼ਕਲ ਇਮਤਿਹਾਨ ਦੇ ਮੁੱਖ ਮੁੱਦਿਆਂ ਬਾਰੇ ਮੈਂ ਕਿਸੇ ਹੋਰ ਨਾਲ ਨਹੀਂ, ਆਪਣੇ ਮਨ ਨਾਲ ਕੁਝ ਸੋਚਾਂ ਦਾ ਵਟਾਂਦਰਾ ਕਰਨ ਦਾ ਯਤਨ ਕੀਤਾ ਹੈ।

ਜਦੋਂ ਤੋਂ ਦੇਸ਼ ਆਜ਼ਾਦ ਹੋਇਆ, ਸਾਡੇ ਲੋਕ ਵੋਟਾਂ ਨਾਲ ਆਪਣੇ ਪ੍ਰਤੀਨਿਧ ਚੁਣਦੇ ਅਤੇ ਸਰਕਾਰਾਂ ਸਿਰਜਦੇ ਆਏ ਹਨ, ਪਰ ਆਗੂਆਂ ਨੂੰ ਚੁਣਨ ਦਾ ਕੰਮ ਉਨ੍ਹਾਂ ਦੀ ਵੋਟਾਂ ਪਾਉਣ ਵਾਲੀ ਰਿਵ-ਾਇਤ ਨੂੰ ਕਾਨੂੰਨੀ ਰੂਪ ਮਿਲਣ ਤੋਂ ਪਹਿਲਾਂ ਵੀ ਹੁੰਦਾ ਸੀ। ਲਸ਼ਕਰ ਚੜ੍ਹਿਆ ਕਰਦੇ ਸਨ, ਕਿਸੇ ਕੋਲੋਂ ਵੋਟਾਂ ਨਾਲ ਅਗਵਾਈ ਕਰਨ ਲਈ ਹੱਕ ਨਹੀਂ ਸੀ ਮੰਗਿਆ ਜਾਂਦਾ, ਆਪਣੀਆਂ ਬਾਂਹਾਂ ਦੇ ਜ਼ੋਰ ਨਾਲ ਇਹ ਹੱਕ ਲੈ ਲਿਆ ਜਾਂਦਾ ਸੀ ਤੇ ਜਿਸ ਪਿੱਛੇ ਵੱਧ ਲੋਕ ਮਰਨ ਤੇ ਮਾਰਨ ਲਈ ਤਿਆਰ ਹੁੰਦੇ ਸਨ, ਆਪਣੇ ਭਾਈਚਾਰੇ ਦਾ ਆਗੂ ਉਹ ਮੰਨਿਆ ਜਾਂਦਾ ਸੀ। ਅੱਜ ਲਸ਼ਕਰਾਂ ਦਾ ਜ਼ਮਾਨਾ ਨਹੀਂ, ਫਿਰ ਵੀ ਆਮ ਲੋਕਾਂ ਕੋਲੋਂ ਵੋਟਾਂ ਰਾਹੀਂ ਅਗਵਾਈ ਕਰਨ ਦਾ ਹੱਕ ਲੈਣ ਦੇ ਚਾਹਵਾਨ ਧੜਵੈਲ ਆਪਣੇ ਅਣ-ਐਲਾਨੇ ਲਸ਼ਕਰਾਂ ਨੂੰ ਵੀ ਵਰਤਦੇ ਤੇ ਸਾਮ-ਦਾਮ-ਦੰਡ-ਭੇਦ ਦੇ ਪੁਰਾਣੇ ਫਾਰਮੂਲੇ ਵੀ ਅਜ਼ਮਾਉਂਦੇ ਦਿਖਾਈ ਦੇਂਦੇ ਹਨ। ਅਸੀਂ ਸਾਰੇ ਲੋਕ ਇਸ ਮਾਹੌਲ ਦੀ ਨਿੰਦਾ ਕਰ ਸਕਦੇ ਹਾਂ, ਇਸ ਨਿੰਦਾ ਦਾ ਇੱਕ ਮਿਥੀ ਹੱਦ ਤੱਕ ਹੱਕ ਵੀ ਸਾਨੂੰ ਅਜੋਕੇ ਪ੍ਰਬੰਧ ਨੇ ਦਿੱਤਾ ਹੈ, ਪਰ ਏਦਾਂ ਦੀ ਨਿੰਦਾ ਜਾਂ ਆਲੋਚਨਾ ਜ਼ਰਾ ਤਿੱਖੀ ਹੋ ਜਾਵੇ ਤਾਂ ਸਿਸਟਮ ਦੀ ਨੁਕਤਾਚੀਨੀ ਕਰਨ ਵਾਲੇ ਨੂੰ ਪਹਿਲਾਂ 'ਸਮਝਾਉਣ' ਦੇ ਯਤਨ ਹੁੰਦੇ ਹਨ, ਫਿਰ ਕੁਝ ਲਾਲੀਪਾਪ ਪਰੋਸੇ ਜਾਂਦੇ ਹਨ ਤੇ ਅੰਤ ਵਿੱਚ ਮਰਨ-ਮਾਰਨ ਵਾਲੇ ਬੰਦੇ ਭੇਜੇ ਜਾਦੇ ਹਨ। ਇਹ ਕੰਮ ਕਿਸੇ ਧਿਰ ਦੇ ਆਗੂ ਵੀ ਕਰ ਸਕਦੇ



ਹਨ। ਤਾਕਤ ਨਸੀਬ ਹੋਵੇ ਤਾਂ ਘੱਟ ਕੋਈ ਵੀ ਨਹੀਂ ਕਰਦਾ। ਲੋਕਤੰਤਰ ਵਿਖਾਵੇ ਦੀ ਤਖਤੀ ਬਣ ਕੇ ਰਹਿ ਜਾਂਦਾ ਹੈ ਤੇ ਰਾਜਤੰਤਰ ਤੋਂ ਲੈ ਕੇ ਫਾਸ਼ਿਜ਼ਮ ਤੱਕ ਸਭ ਹਰਬੇ ਵਰਤੇ ਜਾ ਸਕਦੇ ਹਨ। ਸਾਡੇ ਸਾਹਮਣੇ ਜਿਹੋ ਜਿਹੇ ਹਾਲਾਤ ਹਨ, ਉਨ੍ਹਾਂ ਵਿੱਚ ਜਦੋਂ ਨਵੇਂ ਸਾਲ ਵਿੱਚ ਫਿਰ ਸਾਡੇ ਅੱਗੇ ਇਮਤਿਹਾਨ ਲਈ ਇੱਕ ਮੌਕਾ ਪੇਸ਼ ਹੋਣਾ ਹੈ, ਲੋਕ ਅਕਸਰ ਇਹ ਪੁੱਛ ਲੈਂਦੇ ਹਨ ਕਿ ਅਗਲੀ ਵਾਰ ਵੋਟ ਕਿੱਧਰ ਪਾਈ ਜਾਵੇ? ਅਸੀਂ ਸਲਾਹਾਂ ਦੇਣ ਵਾਲੇ ਭਾਵੇਂ ਨਹੀਂ, ਪਰ ਅਕਸਰ ਵੇਖਿਆ ਹੈ ਕਿ ਜਿਹੜੇ ਸਲਾਹਾਂ ਦੇਣ ਵਾਲੇ ਨਹੀਂ ਹੁੰਦੇ, ਉਨ੍ਹਾਂ ਕੋਲੋਂ ਵੀ ਲੋਕ ਬਹਾਨੇ ਨਾਲ ਕੁਝ ਨਾ ਕੁਝ ਅਖਵਾਉਣ ਦਾ ਯਤਨ ਕਰਦੇ ਹਨ ਤੇ ਕਈ ਵਾਰੀ ਮੂੰਹੋਂ ਕੁਝ ਨਿਕਲ ਵੀ ਜਾਂਦਾ ਹੈ। ਇਸ ਇਮਤਿਹਾਨ ਦੀ ਘੜੀ ਫਿਰ ਕਈ ਲੋਕ ਪੁੱਛੀ ਜਾਂਦੇ ਹਨ। ਸਵਾਲ ਔਖਾ ਹੈ ਅਤੇ ਜਵਾਬ ਜੇ ਸਹੀ ਦੇਣਾ ਹੈ ਤਾਂ ਸੁਖਾਵਾਂ ਨਹੀਂ। ਇਸ ਦੀ ਚਰਚਾ ਕਰਨ ਲਈ ਸਾਨੂੰ ਪਹਿਲਾਂ ਇਤਿਹਾਸ ਦੇ ਸਫਿਆਂ ਉੱਤੇ ਝਾਤੀ ਮਾਰਨ ਦੀ ਲੋੜ ਪੈ ਜਾਂਦੀ ਹੈ।

ਇੱਕ ਵਾਰੀ ਇੱਕ ਮੇਲੇ ਵਿੱਚ ਜੀਵ-ਜੰਤੂਆਂ ਦਾ ਵਪਾਰੀ ਅਠੂੰਹੇਂ ਵੇਚਣ



ਵਾਸਤੇ ਦੁਕਾਨ ਸਜਾਈ ਬੈਠਾ ਸੀ, ਕਿਸੇ ਗ੍ਰਾਹਕ ਨੇ ਪੁੱਛ ਲਿਆ ਕਿ ਇਨ੍ਹਾਂ ਵਿੱਚੋਂ ਵੱਧ ਜ਼ਹਿਰੀਲਾ ਕਿਹੜਾ ਹੈ? ਵਪਾਰੀ ਨੇ ਜਵਾਬ ਵਿੱਚ ਕਿਹਾ ਸੀ ਕਿ ਕਿਸੇ ਇੱਕ ਦੀ ਪੂਛ ਨੂੰ ਹੱਥ ਲਾ ਕੇ ਵੇਖ ਲੈ, ਡੰਗ ਸਾਰਿਆਂ ਦਾ ਚੀਕਾਂ ਕਢਾਉਣ ਵਾਲਾ ਹੁੰਦਾ ਹੈ। ਸਿਆਸੀ ਮੈਦਾਨ ਦੇ ਚੋਣ-ਨਿਸ਼ਾਨ ਵੱਖੋ-ਵੱਖਰੇ ਹੋਣਗੇ, ਜਿਹੜੀਆਂ ਧਿਰਾਂ ਇਸ ਵੇਲੇ ਰਾਜ ਲੈਣ ਜਾਂ ਰਾਜ ਬਚਾਉਣ ਦੀ ਜੰਗ ਲੜ ਰਹੀਆਂ ਹਨ, ਰਾਜ ਕਰਨ ਦਾ ਮੌਕਾ ਮਿਲਦੇ ਸਾਰ ਇਨ੍ਹਾਂ ਵਿੱਚੋਂ ਕਿਸੇ ਨੇ ਵੀ ਪਿਛਲੇ ਸਮੇਂ ਵਿੱਚ ਘੱਟ ਨਹੀਂ ਗੁਜ਼ਾਰੀ ਅਤੇ ਭਵਿੱਖ ਵਿੱਚ ਵੀ ਸਾਡੀਆਂ ਚੀਕਾਂ ਕਢਾਉਣ ਵਿੱਚ ਕਿਸੇ ਨੇ ਕਸਰ ਨਹੀਂ ਛੱਡਣੀ। ਲੋਕਤੰਤਰ ਜੇ ਲੋਕਾਂ ਲਈ ਸੱਚਮੁਚ ਹੁੰਦਾ ਤਾਂ ਪਿਛਲੇ ਸੱਤਰ ਸਾਲਾਂ ਵਿੱਚ ਸਾਡੇ ਲੋਕ ਤਰੱਕੀ ਦੀਆਂ ਕਈ ਮੰਜ਼ਲਾਂ ਤੈਅ ਕਰ ਗਏ ਹੁੰਦੇ, ਪਰ ਹੋਇਆ ਇਹ ਕਿ ਸਿਆਸੀ ਆਗੂਆਂ ਨੇ ਲੋਕਾਂ ਨੂੰ ਸਬਸਿਡੀਆਂ ਦੀ ਮੰਗ ਕਰਨ ਵਾਲੇ ਮੰਗਤੇ ਬਣਾ ਕੇ ਆਪਣੇ ਆਪ ਨੂੰ ਲੋਕਤੰਤਰ ਵਿੱਚ ਨਵੀਂ ਕਿਸਮ ਦੇ ਰਾਜੇ ਬਣਾਇਆ ਪਿਆ ਹੈ। ਸ਼ਾਹੀ ਮਹਿਲਾਂ ਦਾ ਸੁਖ ਮਾਣਨ ਅਤੇ ਦੌਲਤਾਂ ਨੂੰ ਹੂੰਝਾ ਫੇਰਨ ਦਾ ਕੰਮ ਕਰ ਕੇ ਆਮ ਲੋਕਾਂ ਨੂੰ ਡੰਗ ਮਾਰਨ ਵਿੱਚ ਕਿਸੇ ਲੀਡਰ ਨੇ ਵੀ ਉਸ ਵਪਾਰੀ ਦੇ ਵੇਚਣ ਲਈ ਰੱਖੇ ਅਠੂਹਿਆਂ ਵਾਂਗ ਕਦੇ ਕਸਰ ਨਹੀਂ ਛੱਡੀ।

ਜਦੋਂ ਇਹ ਗੱਲ ਤੈਅ ਹੈ ਕਿ ਕੋਈ ਵੀ ਆ ਜਾਵੇ, ਫਰਕ ਨਹੀਂ ਲੱਭਣ ਲੱਗਾ, ਫਿਰ ਇੱਕ ਗੱਲ ਹੋਰ ਸੋਚਣ ਵਾਸਤੇ ਰਹਿ ਜਾਂਦੀ ਹੈ। ਉਹ ਇਹ ਕਿ ਇੱਕ ਲੁੱਟਦਾ ਹੈ, ਮੌਕਾ ਮਿਲੇ ਤਾਂ ਕੁੱਟਦਾ ਵੀ ਹੈ ਤੇ ਦੂਸਰਾ ਕੁੱਟਦਾ ਹੀ ਨਹੀਂ, ਜਾਨ ਲੈਣ ਤੱਕ ਜਾਂਦਾ ਤੇ ਏਦਾਂ ਦਾ ਬਹਾਨਾ ਬਣਾ ਲੈਂਦਾ ਹੈ ਕਿ ਉਸ ਦਾ ਕੀਤਾ ਕਤਲ ਵੀ ਜਾਇਜ਼ ਲੱਗਣ ਲੱਗ ਜਾਵੇ। ਓਦਾਂ ਦੇ ਦੌਰ ਬਾਰੇ ਵੱਖਰੇ ਪੱਖੋਂ ਸੋਚਣਾ ਪੈਂਦਾ ਹੈ। ਮੈਂ ਦੁਨੀਆ ਦੀਆਂ ਕਈ ਜੰਗਾਂ ਬਾਰੇ ਪੜ੍ਹਿਆ ਹੈ, ਜਿਨ੍ਹਾਂ ਵਿੱਚ ਰਾਜਿਆਂ ਵੱਲੋਂ ਰਾਜਾਂ ਦੀਆਂ ਹੱਦਾਂ ਵਧਾਉਣ ਵਾਲੀਆਂ ਟੱਕਰਾਂ ਵੀ ਸ਼ਾਮਲ ਸਨ ਤੇ ਆਪੋ ਆਪਣੇ ਧਰਮ ਦੀ ਚੜ੍ਹਦੀ ਕਲਾ ਲਈ ਲੜੀਆਂ ਜੰਗਾਂ ਦੇ ਕਾਂਡ ਵੀ ਸਨ। ਹਰ ਕਾਂਡ ਦੂਜੇ ਨਾਲੋਂ ਵੱਖਰਾ ਹੋਣ ਦੇ ਬਾਵਜੂਦ ਇੱਕ ਗੱਲ ਸਾਂਝੀ ਲੱਭ ਜਾਂਦੀ ਹੈ। ਜਦੋਂ ਰਾਜਾਂ ਦੀਆਂ ਹੱਦਾਂ ਵਧਾਉਣ ਲਈ ਜੰਗਾਂ ਹੁੰਦੀਆਂ ਸਨ, ਜੰਗਾਂ ਵਿੱਚ ਖੂਨ ਜਿੰਨਾ ਵੀ ਵਗ ਜਾਵੇ, ਬਹੁਤਾ ਕਰ ਕੇ ਜੰਗ ਦੀ ਗੱਲ ਜੰਗੀ ਮੈਦਾਨ ਤੱਕ ਸੀਮਤ ਰਹਿੰਦੀ ਜਾਂ ਜੰਗਾਂ ਤੋਂ ਬਾਅਦ ਜੰਗੀ ਮੁਕੱਦਮੇ ਵਿੱਚ ਮੁੱਖ ਦੋਸ਼ੀਆਂ ਨੂੰ ਫਾਂਸੀ ਤੱਕ ਚਲੀ ਜਾਂਦੀ ਹੈ। ਧਰਮ ਜਾਂ ਨਸਲਵਾਦ ਦਾ ਖੇਤਰ ਇਸ ਤੋਂ ਵੱਖਰੀ ਤਰ੍ਹਾਂ ਦਾ ਹੈ। ਇਸ ਵਿੱਚ ਜੇਤੂ ਧਿਰ ਦੇ ਲੋਕ ਹਾਰਨ ਵਾਲਿਆਂ ਨੂੰ ਤਸੀਹੇ ਦੇਣ ਦੀ ਵੀ ਓੜਕ ਕਰਨ ਲੱਗਦੇ ਹਨ। ਭਾਰਤੀ ਇਤਹਾਸ ਇਸ ਗੱਲ ਦੀ ਗਵਾਹੀ ਦੇਂਦਾ ਹੈ ਕਿ ਉੱਬਲਦੀ ਦੇਗ ਵਿੱਚ ਕੋਈ ਬੰਦਾ ਇਸ ਲਈ ਉਬਾਲਿਆ ਗਿਆ ਕਿ ਉਹ ਦੂਸਰੇ ਧਰਮ ਦੀ ਧੌਂਸ ਨਹੀਂ ਸੀ ਮੰਨਦਾ, ਆਰਿਆਂ ਨਾਲ ਏਸੇ ਲਈ ਚੀਰੇ ਗਏ ਤੇ ਜਿਉਂਦੇ ਨਾਬਾਲਗ ਬੱਚੇ ਵੀ ਨੀਂਹ ਵਿੱਚ ਏਸੇ ਲਈ ਚਿਣੇ ਗਏ ਸਨ ਕਿ ਉਨ੍ਹਾਂ ਨੇ ਕਿਸੇ ਹੋਰ ਧਰਮ ਦੀ ਧੌਂਸ ਨਹੀਂ ਸੀ ਮੰਨੀ। ਕਿਸੇ ਦੇ ਬੰਦ-ਬੰਦ ਕੱਟੇ ਗਏ ਤੇ ਕਿਸੇ ਦਾ ਮਾਸ ਜੰਬੂਰਾਂ ਨਾਲ ਨੋਚਿਆ ਗਿਆ। ਇਕੱਲਾ ਧਰਮ ਹੀ ਨਹੀਂ, ਆਪਣੀ ਨਸਲ ਅਤੇ ਆਪਣੀ ਕੌਮ ਨੂੰ ਦੂਸਰੇ ਸਾਰਿਆਂ ਤੋਂ ਵਧੀਆ ਮੰਨਣ ਵਾਲੇ ਵੀ ਇਹੋ ਕਰਦੇ ਹਨ। ਹਿਟਲਰ ਨੇ ਜਰਮਨਾਂ ਨੂੰ ਬਾਕੀ ਸਾਰੇ ਲੋਕਾਂ ਉੱਤੇ ਰਾਜ ਕਰਨ ਲਈ ਪੈਦਾ ਹੋਏ ਮੰਨ ਕੇ ਜਿਹੜੀ ਜੰਗ ਲਾਈ ਤੇ ਗੈਸ ਚੈਂਬਰਾਂ ਵਿੱਚ ਦੂਸਰੇ ਲੋਕਾਂ ਨੂੰ ਸੁੱਟ-ਸੁੱਟ ਕੇ ਮਾਰਿਆ ਸੀ, ਉਹ ਵੀ ਧਰਮ ਦੇ ਜਨੂੰਨ ਵਰਗਾ ਪਾਗਲਪਣ ਸੀ। ਦੂਸਰਿਆਂ ਨੂੰ ਛੱਡ ਦਿਓ ਤੇ ਸਾਡੇ ਆਪਣੇ ਦੇਸ਼ ਜਾਂ ਨੇੜਲੇ ਬੀਤੇ ਦੇ ਇਤਹਾਸ ਨੂੰ ਵੀ ਛੱਡ ਦਿਓ, ਇਸਾਈ ਧਰਮ ਵਿੱਚ ਇੱਕ ਮੁਟਿਆਰ ਇਹ ਦੋਸ਼ ਲਾ ਕੇ ਜਿੰਦਾ ਸਾੜ ਕੇ ਮਾਰੀ ਗਈ ਸੀ ਕਿ ਉਹ ਚੁੜੇਲ ਹੈ। ਡੇਢ ਸਦੀ ਮਗਰੋਂ ਇਸਾਈਆਂ ਦੇ ਚਰਚ ਨੇ ਖੁਦ ਹੀ ਮੰਨਿਆ ਸੀ ਕਿ ਜੌਹਨ ਆਫ ਆਰਕ ਨਾਂਅ ਦੀ ਉਹ ਕੁੜੀ ਚੁੜੇਲ ਨਹੀਂ, ਉਹ ਤਾਂ ਸੰਤਣੀ ਸੀ, ਵਿਚਾਰਕ ਸੀ, ਸਿਰਫ ਮੌਕੇ ਦੇ ਧਾਰਮਿਕ ਪੁਰਸ਼ਾਂ ਨੂੰ ਉਸ ਦੀ ਭਾਵਨਾ ਦੀ ਸਮਝ ਨਹੀਂ ਸੀ ਪਈ ਤੇ ਇਹ ਕਾਂਡ ਕਰ ਦਿੱਤਾ ਗਿਆ ਸੀ।

ਅੱਜ ਜਦੋਂ ਭਾਰਤ ਦੇ ਲੋਕ ਉਸ ਦੌਰ ਵਿੱਚ ਦਾਖਲ ਹੋਣ ਜਾ ਰਹੇ ਹਨ, ਜਿੱਥੇ ਉਨ੍ਹਾਂ ਨੇ ਆਪਣੇ ਨਾਲ ਅਗਲੀ ਪੀੜ੍ਹੀ ਦੇ ਬੱਚਿਆਂ ਦਾ ਭਵਿੱਖ ਸੰਵਾਰਨ ਜਾਂ ਵਿਗਾੜਨ ਵਾਸਤੇ ਆਪਣੀ ਵੋਟ, ਜਿਸ ਨੂੰ ਮੱਤ-ਪੱਤਰ ਕਹਿੰਦੇ ਹਨ, ਲਈ ਆਪਣੀ ਮੱਤ ਦੀ ਵਰਤੋਂ ਕਰਨੀ ਹੈ ਤਾਂ ਉਨ੍ਹਾਂ ਨੂੰ ਇਸ ਬਾਰੇ ਸਿਰਾਂ ਨਾਲ ਸੋਚਣ ਦੀ ਲੋੜ ਹੈ। ਮੈਂ ਕਿਸੇ ਪਾਰਟੀ ਜਾਂ ਗੱਠਜੋੜ ਬਾਰੇ ਇਹ ਕਹਿਣ ਵਿੱਚ ਝਿਜਕ ਨਹੀਂ ਰੱਖਾਂਗਾ ਕਿ ਜਿਹੜਾ ਵੀ ਜਿੱਤ ਗਿਆ, ਮੇਲੇ ਵਿੱਚ ਆਏ ਉਸ ਵਪਾਰੀ ਦੇ ਅਠੂਹਿਆਂ ਦੀ ਨਸਲ ਸਾਬਤ ਹੋ ਸਕਦਾ ਹੈ, ਇਸ ਲਈ ਜਦੋਂ ਇਸ ਪੱਖੋਂ ਕੋਈ ਫਰਕ ਨਹੀਂ ਪੈਣਾ ਤਾਂ ਇੱਕ ਹੋਰ ਪੱਖ ਸੋਚ ਲਿਆ ਜਾਣਾ ਬਣਦਾ ਹੈ। ਉਹ ਪੱਖ ਸਿਰਫ ਇਹ ਹੈ ਕਿ ਕਿਤੇ ਅਸੀਂ ਇਹੋ ਜਿਹਾ ਰਾਜ ਨਾ ਲੈ ਆਈਏ, ਜਿਹੜਾ ਕੰਨਾਂ ਵਿੱਚ ਪਿਘਲਿਆ ਸ਼ੀਸ਼ਾ ਪਾਉਣ ਵਾਲਾ ਹੋਵੇ, ਜਿਹੜਾ ਸਿਰਫ ਇੱਕ ਧਰਮ ਦੀ ਉੱਚਤਾ ਦੇ ਨਾਂਅ ਹੇਠ ਬਾਕੀਆਂ ਨੂੰ ਰਾਹਾਂ ਵਿੱਚ ਧੂਹ-ਧੂਹ ਕੇ ਮਾਰ ਦੇਣ ਨੂੰ ਜਾਇਜ਼ ਮੰਨਦਾ ਹੋਵੇ ਤੇ ਜਿਹੜਾ ਆਪਣੇ ਧਰਮ ਵਿੱਚੋਂ ਵੀ ਕੋਈ ਕਿੰਤੂ ਕਰਨ ਵਾਲਾ ਸਿਰ ਚੁੱਕਦਾ ਦਿਖਾਈ ਦੇਵੇ ਤਾਂ ਉਸ ਨੂੰ ਜੌਹਨ ਆਫ ਆਰਕ ਨਾਂਅ ਦੀ ਕੁੜੀ ਵਾਂਗ ਜਿੰਦਾ ਸਾੜ ਕੇ ਮਾਰਨ ਤੁਰ ਪਏ। ਇਮਤਿਹਾਨ ਦਾ ਸਮਾਂ ਛੇ ਮਹੀਨੇ ਦੂਰ ਹੈ, ਕਈਆਂ ਨੂੰ ਚੋਖੀ ਦੂਰ ਲੱਗੇਗਾ, ਪਰ ਅਸਲ ਵਿੱਚ ਇਹ ਬਹੁਤੀ ਦੂਰ ਨਹੀਂ ਰਹਿ ਗਿਆ।

# ਦੀਨ ਹੇਤ ਮਿਟਣ ਵਾਲਾ ਸ਼ਹੀਦ ਊਧਮ ਸਿੰਘ

ਦਸ ਅਪ੍ਰੈਲ, 1919 ਨੂੰ ਰਿਵੋਲਟ ਐਕਟ ਤਹਿਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਨ੍ਹਾਂ ਆਗੂਆਂ ਵਿੱਚ ਸੱਤਿਆ ਪਾਲ ਅਤੇ ਸੈਫੁਦੀਨ ਕਿਚਲੂ ਸ਼ਾਮਿਲ ਸਨ। ਇਨ੍ਹਾਂ ਗ੍ਰਿਫਤਾਰੀਆਂ ਦਾ ਵਿਰੋਧ ਕਰਨ ਲਈ ਜਲ੍ਹਿਆਂਵਾਲਾ ਬਾਗ਼, ਅੰਮ੍ਰਿਤਸਰ ਵਿੱਚ 13 ਅਪ੍ਰੈਲ, 1919 ਨੂੰ ਕੋਈ ਵੀਹ ਕੁ ਹਜ਼ਾਰ ਲੋਕ ਇਕੱਠੇ ਹੋਏ ਸਨ। ਇਕੱਠ ਸ਼ਾਂਤਮਈ ਸੀ। ਅੰਬਰੋਂ ਅੱਗ ਵਰ੍ਹਾਉਂਦੀ ਗਰਮੀ ਵਿੱਚ ਲੋਕ ਅਮਨ ਅਮਾਨ ਨਾਲ ਬੈਠੇ ਹੋਏ ਆਪਣੇ ਆਗੂਆਂ ਦੇ ਵਿਚਾਰਾਂ ਨੂੰ ਸੁਣ ਰਹੇ ਸਨ। ਇਸ ਇਕੱਠ ਵਿੱਚ ਹਾਜ਼ਿਰ ਲੋਕਾਂ ਨੂੰ ਕੁਝ ਨੌਜਵਾਨ ਪਾਣੀ ਪਿਲਾਉਣ ਦੀ ਸੇਵਾ ਕਰ ਰਹੇ ਸਨ। ਕੋਈ ਭੜਕਾਹਟ ਨਹੀਂ ਸੀ। ਅਚਨਚੇਤ ਬਸਤੀਵਾਦੀ ਅੰਗ੍ਰੇਜ਼ੀ ਹਕੂਮਤ ਦੀ ਫੌਜ ਦਾ ਜਨਰਲ ਡਾਇਰ ਆਪਣੇ ਹਥਿਆਰਬੰਦ ਫੌਜੀਆਂ ਦੀ ਟੁਕੜੀ ਨਾਲ ਬਾਗ਼ ਵਿੱਚ ਦਾਖਿਲ ਹੁੰਦਾ ਹੈ। ਬਾਗ਼ ਦਾ ਮੁੱਖ ਦਰਵਾਜ਼ਾ ਬੰਦ ਕਰ ਦਿੰਦਾ ਹੈ। ਬਾਗ਼ 'ਚੋਂ ਬਾਹਰ ਨਿਕਲਣ ਲਈ ਸਿਰਫ ਇੱਕ ਛੋਟੀ ਜਿਹੀ ਖਿੜਕੀ ਰਹਿ ਜਾਂਦੀ ਹੈ ਜਿਸ ਵਿੱਚੋਂ ਦੀ ਇੱਕ ਸਮੇਂ ਸਿਰਫ ਇੱਕ ਵਿਅਕਤੀ ਹੀ ਨਿਕਲ ਸਕਦਾ ਹੈ। ਜਨਰਲ ਡਾਇਰ ਨੇ ਬਾਗ਼ ਅੰਦਰ ਵੜਦਿਆਂ ਹੀ ਆਪਣੇ ਫੌਜੀਆਂ ਨੂੰ ਹਥਿਆਰ ਤਾਣ ਕੇ ਪੁਜੀਸ਼ਨਾਂ ਲੈਣ ਦਾ ਹੁਕਮ ਦਿੱਤਾ। ਫਿਰ ਅੱਖ ਝਪਕਦਿਆਂ ਹੀ ਫਾਇਰ ਦਾ ਹੁਕਮ ਦੇ ਦਿੱਤਾ। ਉਸ ਹਥਿਆਰਬੰਦ ਫੌਜੀ ਦਸਤੇ ਨੇ ਨਿਹੱਥੇ ਅਤੇ ਸ਼ਾਂਤਮਈ ਬੈਠੇ ਅੰਦੋਲਨਕਾਰੀਆਂ ਉੱਤੇ ਗੋਲੀਆਂ ਦਾ ਮੀਂਹ ਵਰ੍ਹਾਅ ਦਿੱਤਾ। ਹਰ ਪਾਸੇ ਚੀਖਾਂ ਹੀ ਚੀਖਾਂ ਸੁਣਾਈ ਪੈਂਦੀਆਂ ਸਨ। ਲਾਸ਼ਾਂ ਹੀ ਲਾਸ਼ਾਂ ਖਿਲਰੀਆਂ ਪਈਆਂ ਸਨ। ਕੁਝ ਲੋਕ ਕੰਧਾਂ ਟੱਪ ਕੇ ਅਤੇ ਕੁਝ ਉਸ ਛੋਟੀ ਜਿਹੀ ਖਿੜਕੀ ਰਾਹੀਂ ਜ਼ਾਨ ਬਚਾ ਕੇ ਬਾਹਰ ਨਿਕਲਣ ਵਿੱਚ ਕਾਮਯਾਬ ਹੋ ਗਏ ਸਨ। ਅੰਦੋਲਨਕਾਰੀਆਂ ਨੂੰ ਪਾਣੀ ਪਿਲਾਉਣ ਵਾਲੇ ਕੁਝ ਨੌਜਵਾਨ ਵੀ ਕਿਸੇ ਤਰ੍ਹਾਂ ਇਸ ਖ਼ੂੰਨੀ ਤਸ਼ੱਦਦ ਵਿੱਚੋਂ ਬਚ ਕੇ ਬਾਹਰ ਨਿਕਲਣ ਵਿੱਚ ਕਾਮਯਾਬ ਹੋ ਗਏ ਸਨ। ਇਨ੍ਹਾਂ ਨੌਜ਼ਵਾਨਾਂ ਵਿੱਚ ਇੱਕ ਊਧਮ ਸਿੰਘ ਦੇ ਨਾਂ ਦਾ ਨੌਜ਼ਵਾਨ ਵੀ ਸੀ। ਉਸ ਨੇ ਇਹ ਸਾਰਾ ਖ਼ੂੰਨੀ ਸਾਕਾ ਆਪਣੀਆਂ ਅੱਖਾਂ ਨਾਲ ਵੇਖਿਆ ਸੀ। ਉਸ ਦੇ ਮਨ ਵਿੱਚ ਸਹਿਮ ਅਤੇ ਗੁੱਸਾ ਸੀ। ਊਧਮ ਸਿੰਘ ਨੂੰ ਇਸ ਖ਼ੂੰਨੀ ਸਾਕੇ ਦੀ ਵਾਰ ਵਾਰ ਯਾਦ ਆਉਂਦੀ ਸੀ। ਉਸਦਾ ਮਨ ਅੰਗ੍ਰੇਜ਼ੀ ਹਕੂਮਤ ਵਿਰੁੱਧ



ਸੰਤੋਖ ਸਿੰਘ ਸੰਧੂ
+64-220-710-935

ਗੁੱਸੇ ਨਾਲ ਭਰ ਜਾਂਦਾ ਸੀ। ਇਸ ਗੁੱਸੇ ਨੇ ਉਸਨੂੰ ਇਨਕਲਾਬੀ ਬਣਾ ਦਿੱਤਾ।

ਊਧਮ ਸਿੰਘ ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਵਿਖੇ ਪਿਤਾ ਸ: ਟਹਿਲ ਸਿੰਘ ਕੰਬੋਜ ਦੇ ਘਰ ਹੋਇਆ। ਉਸਦਾ ਬਚਪਨ 'ਚ ਨਾਂ ਸ਼ੇਰ ਸਿੰਘ ਰੱਖਿਆ ਗਿਆ ਸੀ। ਪਿਤਾ ਟਹਿਲ ਸਿੰਘ ਉਸ ਸਮੇਂ ਨੇੜਲੇ ਪਿੰਡ ਉਪਲੀ ਵਿਖੇ ਰੇਲਵੇ ਫਾਟਕ ਉਤੇ ਚੌਕੀਦਾਰ ਵਜੋਂ ਨੌਕਰੀ ਕਰਦਾ ਸੀ। ਊਧਮ ਸਿੰਘ ਦੀ ਉਸ ਵੇਲੇ ਉਮਰ ਕੋਈ 5-6 ਸਾਲ ਦੀ ਸੀ ਕਿ ਉਸਦੇ ਸਿਰ ਤੋਂ ਮਾਤਾ-ਪਿਤਾ ਦਾ ਸਾਇਆ ਉਠ ਗਿਆ। ਉਸਦਾ ਇੱਕ ਵੱਡਾ ਭਰਾ ਸੀ, ਜਿਸਦਾ ਨਾਂ ਮੁਕਤਾ ਸਿੰਘ ਸੀ। ਕਿਸੇ ਨੇ ਦੋਹਾਂ ਭਰਾਵਾਂ ਨੂੰ ਅੰਮ੍ਰਿਤਸਰ ਦੇ ਕੇਂਦਰੀ ਖਾਲਸਾ ਅਨਾਥ ਆਸ਼ਰਮ ਵਿੱਚ 24 ਅਕਤੂਬਰ 1907 ਨੂੰ ਭਰਤੀ ਕਰਵਾ ਦਿੱਤਾ। ਆਸ਼ਰਮ ਵਿੱਚ ਦੋਹਾਂ ਭਰਾਵਾਂ ਨੂੰ ਸਿੱਖ ਸਜਾਇਆ ਗਿਆ। ਉਨ੍ਹਾਂ ਦੇ ਨਾਂ ਬਦਲ ਕੇ ਸ਼ੇਰ ਸਿੰਘ ਤੋਂ ਊਧਮ ਸਿੰਘ ਅਤੇ ਮੁਕਤਾ ਸਿੰਘ ਤੋਂ ਸਾਧੂ ਸਿੰਘ ਰੱਖ ਦਿੱਤੇ ਗਏ। ਸੰਨ 1917 ਵਿੱਚ ਸਾਧੂ ਸਿੰਘ ਵੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ ਅਤੇ ਊਧਮ ਸਿੰਘ ਪਰਿਵਾਰ ਵਿੱਚ ਇਕੱਲਾ ਹੀ ਰਹਿ ਗਿਆ।

ਸੰਨ 1918 ਵਿੱਚ ਦਸਵੀਂ ਜਮਾਤ ਪਾਸ ਕਰਨ ਉਪ੍ਰੰਤ ਊਧਮ ਸਿੰਘ ਆਸ਼ਰਮ ਨੂੰ ਛੱਡ ਕੇ ਅਫਰੀਕਾ ਚਲਾ ਗਿਆ। ਉਥੇ ਕੁਝ ਦੇਰ ਰਹਿਣ ਤੋਂ ਬਾਅਦ ਉਹ ਅਮਰੀਕਾ ਚਲਾ




ਗਿਆ। ਉਥੇ ਉਹ ਬੱਬਰ ਅਕਾਲੀਆਂ ਦੀਆਂ ਸਰਗਰਮੀਆਂ ਤੋਂ ਬੜਾ ਪ੍ਰਭਾਵਤ ਹੋਇਆ ਅਤੇ ਸੰਨ 1924 ਵਿੱਚ ਉਹ ਗਦਰ ਪਾਰਟੀ ਵਿੱਚ ਸ਼ਾਮਿਲ ਹੋ ਗਿਆ। ਉਹ ਭਗਤ ਸਿੰਘ ਅਤੇ ਉਸਦੇ ਇਨਕਲਾਬੀ ਗਰੁੱਪ ਤੋਂ ਬੜਾ ਪ੍ਰਭਾਵਤ ਸੀ। ਸੰਨ 1927 ਵਿੱਚ ਉਹ ਕੁਝ ਪਸਤੌਲ ਅਤੇ ਅਸਲਾ ਛੁਪਾ ਕੇ ਲੈ ਕੇ ਵਾਪਿਸ ਭਾਰਤ ਆ ਗਿਆ, ਪਰ ਅੰਮ੍ਰਿਤਸਰ ਵਿੱਚ ਪੁਲਿਸ ਨੇ ਉਸਨੂੰ ਗ੍ਰਿਫਤਾਰ ਕਰ ਲਿਆ। ਉਸ ਉਤੇ ਗ਼ੈਰ ਲਸੰਸੀ ਅਸਲਾ ਰੱਖਣ ਦਾ ਕੇਸ ਬਣ ਗਿਆ। ਉਸਨੂੰ ਪੰਜ ਸਾਲ ਦੀ ਜ੍ਹੇਲ ਹੋ ਗਈ। ਸੰਨ 1931 ਵਿੱਚ ਉਸਦੀ ਜ੍ਹੇਲ ਤੋਂ ਰਿਹਾਈ ਹੋਈ, ਪਰ ਪੰਜਾਬ ਦੀ ਪੁਲਿਸ ਵੱਲੋਂ ਉਸਦੀਆਂ ਸਰਗਰਮੀਆਂ ਉਤੇ ਨਿਰੰਤਰ ਨਜ਼ਰ ਰੱਖੀ ਜਾ ਰਹੀ ਸੀ। ਉਹ ਪੰਜਾਬ ਤੋਂ ਕਸ਼ਮੀਰ ਵੱਲ ਚਲਾ ਗਿਆ ਅਤੇ ਇੰਝ ਪੁਲਿਸ ਤੋਂ ਬਚਦਾ ਹੋਇਆ ਉਹ ਜਰਮਨ ਪੁੱਜਣ ਵਿੱਚ ਕਾਮਯਾਬ ਹੋ ਗਿਆ। ਸੰਨ 1934 ਵਿੱਚ ਉਹ ਲੰਦਨ ਪਹੁੰਚ ਗਿਆ। ਉਥੇ ਉਸਨੂੰ ਮੋਟਰ ਮਕੈਨਿਕ ਦੀ ਨੌਕਰੀ ਮਿਲ ਗਈ। ਇਥੇ ਉਹ ਜਲ੍ਹਿਆਂਵਾਲੇ ਬਾਗ਼ ਦੇ ਖ਼ੂੰਨੀ ਸਾਕੇ ਦਾ ਬਦਲਾ ਲੈਣ ਦੀਆਂ ਯੋਜਨਾਵਾਂ ਬਣਾਉਣ ਲੱਗਾ। ਉਹ ਜਨਰਲ ਡਾਇਰ ਨੂੰ ਮਾਰਨਾ ਚਾਹੁੰਦਾ ਸੀ, ਪਰ ਜਦੋਂ ਉਹ ਕੈਦ ਦੀ ਸਜਾ ਭੁਗਤ ਰਿਹਾ ਸੀ ਤਾਂ ਉਸ ਸਮੇਂ ਜਨਰਲ ਡਾਇਰ ਨੂੰ ਲਗਾਤਾਰ ਦਿਲ ਦੇ ਕੁਝ ਦੌਰੇ ਪਏ ਅਤੇ ਉਸਦੀ ਮੌਤ ਹੋ ਗਈ ਸੀ। ਇਸੇ ਦੌਰਾਨ ਹੀ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਲਾਹੌਰ ਸਾਜਿਸ਼ ਕੇਸ ਤਹਿਤ ਫਾਂਸੀ ਦਿੱਤੀ ਗਈ ਸੀ। ਇਸ ਘਟਨਾ ਨੇ ਊਧਮ ਸਿੰਘ ਦੇ ਦਿਲ ਉਤੇ ਹੋਰ ਵੀ ਗਹਿਰਾ ਅਸਰ ਕੀਤਾ। ਹੁਣ ਉਹ ਜਲ੍ਹਿਆਂਵਾਲੇ ਬਾਗ਼ ਦੇ ਖ਼ੂੰਨੀ ਕਾਂਡ ਦਾ ਜਿੰਮੇਵਾਰ ਉਸ ਵੇਲੇ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਨੂੰ ਠਹਿਰਾਉਣ ਲੱਗਾ, ਕਿਉਂਕਿ ਉਸਨੇ ਹੀ ਉਥੇ ਫੌਜੀ ਦਸਤੇ ਨੂੰ ਭੇਜਣ ਦੀ ਮਨਜ਼ੂਰੀ ਦਿੱਤੀ ਸੀ।

ਮਾਈਕਲ ਓਡਵਾਇਰ ਨੂੰ ਮਾਰਨਾ

ਲੰਦਨ ਵਿੱਚ ਰਹਿੰਦਿਆਂ ਇੱਕ ਦਿਨ ਉਸਨੂੰ ਪਤਾ ਲੱਗਾ ਕਿ 13 ਮਾਰਚ 1940 ਨੂੰ ਲੰਦਨ ਦੇ ਕੈਕਸਟਨ ਹਾਲ ਵਿੱਚ ਈਸਟ ਇੰਡੀਆ ਐਸੋਸੀਏਸ਼ਨ ਵੱਲੋਂ ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ ਨਾਲ ਮਿਲ ਕੇ ਇੱਕ ਸਮਾਗਮ ਕੀਤਾ ਜਾ ਰਿਹਾ ਹੈ। ਉਸ ਸਮਾਗਮ ਨੂੰ ਮਾਈਕਲ ਓਡਵਾਇਰ ਨੇ ਸੰਬੋਧਨ ਕਰਨਾ ਸੀ। ਮਾਈਕਲ ਓਡਵਾਇਰ ਜਲ੍ਹਿਆਂਵਾਲੇ ਬਾਗ਼ ਦੀ ਕਾਰਵਾਈ ਨੂੰ ਅਕਸਰ ਸਹੀ ਅਤੇ ਸਮੇਂ ਸਿਰ ਕੀਤੀ ਗਈ ਕਾਰਵਾਈ ਕਰਾਰ ਦਿੰਦਾ ਸੀ। ਉਹ ਜਿੱਥੇ ਵੀ ਕਿਸੇ ਸਮਾਗਮ ਵਿੱਚ ਬੋਲਦਾ ਸੀ, ਉਥੇ ਇਸ ਕਾਰਵਾਈ ਦਾ ਜਿਕਰ ਜ਼ਰੂਰ ਕਰਦਾ ਹੁੰਦਾ ਸੀ। ਊਧਮ ਸਿੰਘ ਲਈ ਆਪਣਾ ਮਿਸ਼ਨ ਪੂਰਾ ਕਰਨ ਵਾਸਤੇ ਇਹ ਸੁਨਹਿਰੀ ਮੌਕਾ ਸੀ।

ਉਸ ਸਮਾਗਮ ਵਾਲੇ ਦਿਨ ਊਧਮ ਸਿੰਘ ਇੱਕ ਪਸਤੌਲ ਗੋਲੀਆਂ ਨਾਲ ਭਰ ਕੇ ਛੁਪਾ ਕੇ ਅੰਦਰ ਚਲਾ ਗਿਆ। ਜਿਉਂ ਹੀ ਮਾਈਕਲ ਓਡਵਾਇਰ ਨੇ ਆਪਣੀ ਬਹਾਦਰੀ ਦੀ ਉਹ ਦਾਸਤਾਨ ਸੁਣਾਈ, ਊਧਮ ਸਿੰਘ ਨੇ ਆਪਣੇ ਪਸਤੌਲ ਵਿੱਚੋਂ ਪੰਜ ਗੋਲੀਆਂ ਦਾਗ ਦਿੱਤੀਆਂ। ਦੋ ਗੋਲੀਆਂ ਓਡਵਾਇਰ ਦੇ ਲੱਗੀਆਂ। ਇੱਕ ਗੋਲੀ 75 ਸਾਲਾ ਮਾਈਕਲ ਓਡਵਾਇਰ ਦੇ ਸੱਜੇ ਫੇਫੜੇ ਅਤੇ ਦਿਲ ਨੂੰ ਚੀਰ ਗਈ ਅਤੇ ਦੂਸਰੀ ਉਸਦੇ ਦੋਹਾਂ ਗੁਰਦਿਆਂ ਨੂੰ ਵਿੰਨ੍ਹ ਗਈ। ਓਡਵਾਇਰ ਜ਼ਮੀਨ ਉਤੇ ਡਿਗ ਪਿਆ ਅਤੇ ਮੌਤ ਨੂੰ ਪਿਆਰਾ ਹੋ ਗਿਆ। ਦੂਸਰੀਆਂ ਤਿੰਨ ਗੋਲੀਆਂ ਹੋਰ ਜਿਹੜੇ ਲੋਕਾਂ ਨੂੰ ਲੱਗੀਆਂ ਉਨ੍ਹਾਂ ਵਿੱਚ ਲਾਰਡ ਜੈਟਲੈਂਡ ਸ਼ਾਮਿਲ ਸੀ। ਜੈਟਲੈਂਡ ਉਸ ਸਮਾਗਮ ਦੀ ਪ੍ਰਧਾਨਗੀ ਕਰ ਰਿਹਾ ਸੀ। ਹਾਲ ਵਿੱਚ ਅਫਰਾ-ਤਫੜੀ ਮਚ ਗਈ। ਲੋਕ ਜਾਨ ਬਚਾਉਣ ਲਈ ਇਧਰ ਉਧਰ ਦੌੜਨ ਲੱਗੇ। ਇਸ ਹਾਲਤ ਵਿੱਚ ਭੀੜ ਵਿੱਚ ਸ਼ਾਮਿਲ ਹੋ ਕੇ ਊਧਮ ਸਿੰਘ ਉਥੋਂ ਬਚ ਕੇ ਨਿਕਲ ਸਕਦਾ ਸੀ। ਉਹ ਉਥੋਂ ਨਹੀਂ ਦੌੜਿਆ, ਸਗੋਂ ਉਚੀ ਉਚੀ ਕਹਿੰਦਾ ਰਿਹਾ, "ਮੇਰੇ ਦੇਸ਼ ਵੱਲੋਂ ਮੇਰੇ ਜਿੰਮੇਂ ਲੱਗੀ ਡਿਊਟੀ ਮੈਂ ਪੂਰੀ ਕਰ ਲਈ ਹੈ।"

ਊਧਮ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਉਤੇ ਮਾਈਕਲ ਓਡਵਾਇਰ ਨੂੰ ਕਤਲ ਕਰਨ ਦਾ ਕੇਸ ਬਣਿਆ। ਪਹਿਲੀ ਅਪ੍ਰੈਲ 1940 ਨੂੰ ਊਧਮ ਸਿੰਘ ਉਤੇ ਪਲਿਸ ਵੱਲੋਂ ਦੋਸ਼ ਆਇਦ ਕੀਤੇ ਗਏ ਅਤੇ 4 ਜੂਨ 1940 ਨੂੰ ਉਸਨੂੰ ਓਲਡ ਬੈਲੇ ਦੀ ਅਦਾਲਤ ਵਿੱਚ ਜੱਜ ਅਟਕਿੰਸਨ ਸਾਹਮਣੈ ਪੇਸ਼ ਕੀਤਾ ਗਿਆ। ਜੱਜ ਨੇ ਉਸਨੂੰ ਫਾਂਸੀ ਦੀ ਸਜਾ ਸੁਣਾਈ। 31 ਜੁਲਾਈ 1940 ਨੂੰ ਊਧਮ ਸਿੰਘ ਨੂੰ ਲੰਦਨ ਦੀ ਪੈਂਟਨਵਿਲ ਜ੍ਹੇਲ ਵਿੱਚ ਫਾਂਸੀ ਦਿੱਤੀ ਗਈ।

ਜਦੋਂ ਮੁਕਦਮੇ ਦੀ ਕਾਰਵਾਈ ਦੌਰਾਨ ਊਧਮ ਸਿੰਘ ਤੋਂ ਪੁੱਛਿਆ ਗਿਆ ਕਿ ਉਸਨੇ ਅਜਿਹਾ ਕਿਉਂ ਕੀਤਾ ਹੈ ਤਾਂ ਉਸਨੇ ਜਵਾਬ ਦਿੱਤਾ ;

"ਮੈਨੂੰ ਉਸ ਨਾਲ ਗੁੱਸਾ ਸੀ। ਉਹ ਇਸ ਕਾਰਵਾਈ ਦਾ ਹੱਕਦਾਰ ਸੀ। ਉਹ ਅਸਲੀ ਦੋਸ਼ੀ ਸੀ। ਉਸਨੇ ਸਾਡੇ ਲੋਕਾਂ ਦੀ ਆਤਮਾਂ ਨੂੰ ਚੂਰ ਚੂਰ ਕਰਨਾ ਚਾਹਿਆ ਸੀ। ਮੈਂ ਖੁਸ਼ ਹਾਂ ਕਿ ਮੈਂ ਆਪਣੀ ਜਿੰਮੇਵਾਰੀ ਪੂਰੀ ਕੀਤੀ ਹੈ। ਮੈਂ ਮੌਤ ਤੋਂ ਡਰਦਾ ਨਹੀਂ। ਮੈਂ ਆਪਣੇ ਦੇਸ਼ ਦੀ ਖ਼ਾਤਿਰ ਮਰਾਂਗਾ। ਮੈਂ ਬ੍ਰਤਾਨਵੀ ਹਕੂਮਤ ਹੇਠ ਆਪਣੇ ਲੋਕਾਂ ਨੂੰ ਭੁੱਖ ਨਾਲ ਘੁਲਦੇ ਵੇਖਿਆ ਹੈ। ਮੈਂ ਇਸਦੀ ਵਿਰੋਧਤਾ ਕੀਤੀ ਹੈ। ਇਹ ਮੇਰਾ ਫਰਜ਼ ਸੀ ਜੋ ਮੈਂ ਨਿਭਾਇਆ ਹੈ। ਆਪਣੀ ਮਾਤਭੂਮੀ ਦੀ ਸਲਾਮਤੀ ਲਈ ਮਰਨ ਨਾਲੋਂ ਮੇਰੇ ਵਾਸਤੇ ਹੋਰ ਕਿਹੜਾ ਵੱਡਾ ਤੋਹਫਾ ਹੋ ਸਕਦਾ ਹੈ।"

ਫਾਂਸੀ ਦੇ ਤਖਤੇ ਉਤੇ ਚੜ੍ਹਨ ਵੇਲੇ ਊਧਮ ਸਿੰਘ ਨੇ ਮੰਗ ਕੀਤੀ ਕਿ ਉਸਦੀਆਂ ਅਸਥੀਆਂ ਭਾਰਤ ਭੇਜੀਆਂ ਜਾਣ। ਪਰ ਬਸਤੀਵਾਦੀ ਅੰਗ੍ਰੇਜ਼ ਹਕੂਮਤ ਨੇ ਇਸਨੂੰ ਆਪਣਾ ਕੋਈ ਫਰਜ਼ ਨਾ ਸਮਝਦਿਆਂ ਇਸ ਉਤੇ ਕੋਈ ਅਮਲ ਨਾ ਕੀਤਾ। 70ਵਿਆਂ ਦੇ ਦਹਾਕੇ ਵਿੱਚ ਵਿਧਾਇਕ ਸਾਧੂ ਸਿੰਘ ਥਿੰਦ ਦੀ ਮੰਗ ਉਤੇ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨੂੰ ਊਧਮ ਸਿੰਘ ਦੀਆ ਅਸਥੀਆਂ ਭਾਰਤ ਲਿਆਉਣ ਦੀ ਮੰਗ ਕੀਤੀ। ਕੇਂਦਰ ਸਰਕਾਰ ਨੇ ਅੱਗੋਂ ਇੰਗਲੈਂਡ ਦੀ ਸਰਕਾਰ ਕੋਲ ਇਹ ਮੰਗ ਰੱਖੀ। ਸੰਨ 1974 ਵਿੱਚ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਇੰਗਲੈਂਡ ਤੋਂ ਭਾਰਤ ਲਿਆਂਦੀਆਂ ਗਈਆਂ। ਵਿਧਾਇਕ ਸਾਧੂ ਸਿੰਘ ਇੰਗਲੈਂਡ ਤੋਂ ਇਹ ਅਸਥੀਆਂ ਲੈ ਕੇ ਜਦ ਭਾਰਤ ਪੁੱਜਾ ਤਾਂ ਉਸਤੋਂ ਇਹ ਅਸਥੀਆਂ ਉਸ ਵੇਲੇ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ, ਆਲ ਇੰਡੀਆ ਕਾਂਗਰਸ ਕਮੇਟੀ ਦੇ ਪ੍ਰਧਾਨ ਸ਼ੰਕਰ ਦਿਆਲ ਸ਼ਰਮਾ ਅਤੇ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਨੇ ਪ੍ਰਾਪਤ ਕੀਤੀਆਂ। ਫਿਰ ਇਹ ਅਸਥੀਆਂ ਊਧਮ ਸਿੰਘ ਦੇ ਜਨਮ ਅਸਥਾਨ ਪਿੰਡ ਸੁਨਾਮ ਵਿਖੇ ਲਿਆ ਕੇ ਇਨ੍ਹਾਂ ਦਾ ਅੰਤਮ ਸੰਸਕਾਰ ਕਰਦਿਆਂ ਸਤਿਲੁਜ ਦਰਿਆ ਵਿੱਚ ਜਲ ਪ੍ਰਵਾਹ ਕੀਤੀਆਂ ਗਈਆਂ।

# ਸਾਈਕਲ ਦੇ ਚੱਕੇ ਵਿੱਚ ਫਸਿਆ ਭੂਤ

-ਕੁਲਵਿੰਦਰ ਸਿੰਘ

ਦਸ ਬਾਰਾਂ ਸਾਲ ਪਹਿਲਾਂ ਦੀ ਗੱਲ ਹੈ। ਮੈਂ ਤੇ ਮੇਰਾ ਦੋਸਤ ਕੰਮ ਤੋਂ ਮੁੜ ਰਹੇ ਸੀ। ਸ਼ਾਮ ਦਾ ਸਮਾਂ ਤੇ ਮੌਸਮ ਬੜਾ ਸੁਹਾਵਣਾ ਸੀ। ਠੰਢੀ-ਠੰਢੀ ਹਵਾ ਵਗ ਰਹੀ ਸੀ ਤੇ ਮੀਂਹ ਪੈਣ ਦੇ ਪੂਰੇ ਆਸਾਰ ਸਨ। ਹਵਾ ਪਿੰਡ ਵਾਲੇ ਪਾਸਿਓਂ ਵਗਣ ਕਾਰਨ ਸਾਈਕਲ ਉਤੇ ਸਾਡਾ ਕਾਫੀ ਜ਼ੋਰ ਲੱਗ ਰਿਹਾ ਸੀ। ਜ਼ੋਰ ਭਾਵੇਂ ਘੱਟ ਲੱਗਦਾ ਹੋਵੇ, ਪਰ ਸਾਰੇ ਦਿਨ ਦੇ ਕੰਮ ਦੇ ਭੰਨੇ ਹੋਣ ਕਾਰਨ ਸਰੀਰ ਪੂਰਾ ਥੱਕ ਚੁੱਕਾ ਸੀ। ਪੈਡਲ ਬੜੀ ਮੁਸ਼ਕਿਲ ਨਾਲ ਵੱਜਦਾ ਸੀ। ਅਸੀਂ ਔਖੇ ਸੌਖੇ 14-15 ਕਿਲੋਮੀਟਰ ਦਾ ਫਾਸਲਾ ਤੈਅ ਕਰ ਲਿਆ। ਪੰਛੀ ਆਪਣੇ-ਆਪਣੇ ਆਲ੍ਹਣਿਆਂ ਵਿੱਚ ਮਿੱਠੇ-ਮਿੱਠੇ ਗੀਤ ਗਾਉਂਦੇ ਹੋਏ ਪਰਤ ਰਹੇ ਸਨ। ਅਸੀਂ ਵੀ ਥੱਕੇ ਹਾਰੇ, ਟੁੱਟੇ ਭੱਜੇ ਆਪਣੇ ਆਲ੍ਹਣਿਆ ਵਰਗੇ ਘਰਾਂ ਵੱਲ ਪਰਤ ਰਹੇ ਸਾਂ।

ਹੌਲੀ-ਹੌਲੀ ਬੇਮਤਲਬ ਟੇਢੀਆਂ ਮੇਢੀਆਂ ਪਤਾ ਨਹੀਂ ਅੱਧੇ ਪੌਣੇ ਘੰਟੇ ਤੋਂ ਨਾ ਮੁੱਕਣ ਵਾਲੀਆਂ ਕਿਹੜੀਆਂ ਗੱਲਾਂ ਵਿੱਚ ਉਲਝੇ ਹੋਏ ਸੀ। ਸਾਰੇ ਦਿਨ ਦੇ ਮੁੜ੍ਹਕੋ ਮੁੜ੍ਹਕੀ ਹੋਏ ਭਾਰੇ ਕੱਪੜੇ ਆਪਣੇ ਅਸਲ ਰੌਅ ਵੱਲ ਨੂੰ ਪਰਤਣ ਲੱਗੇ ਸਨ। ਜਿਉਂ-ਜਿਉਂ ਸਰੀਰ ਦਾ ਮੁੜ੍ਹਕਾ ਸੁੱਕ ਰਿਹਾ ਸੀ, ਤਿਉਂ-ਤਿਉਂ ਸਰੀਰ ਵਿੱਚੋਂ ਸਾਹ ਵੀ ਸੁੱਕਦੇ ਜਾਂਦੇ ਸਨ, ਕਿਉਂਕਿ ਅੱਜ ਸਾਨੂੰ ਦੁਪਹਿਰੇ ਵੇਲੇ ਦੋ ਘੰਟੇ ਓਵਰਟਾਈਮ ਮਿਲਣ ਦੇ ਚਾਅ ਨੇ ਦੁਪਹਿਰ ਦੀ ਥਕਾਵਟ ਭੁਲਾ ਦਿੱਤੀ ਸੀ। ਇਨ੍ਹਾਂ ਪੈਸਿਆਂ ਨਾਲ ਅਸੀਂ ਮਨਪਸੰਦ ਮਿਠਾਈ ਖਾਣ ਦੀ ਇੱਛਾ ਪੂਰੀ ਕਰਨੀ ਸੀ, ਜਿਹੜੀ ਕਈ ਦਿਨਾਂ ਤੋਂ ਲਟਕਦੀ ਸੀ। ਇਸ ਇੱਛਾ ਦੀ ਪੂਰਤੀ ਲਈ ਅਸੀਂ ਹੜ੍ਹਾਂ ਦੇ ਤਪਦੇ ਤੰਦੂਰ ਵਰਗੇ ਦੁਪਹਿਰੇ ਵਿੱਚ ਚਾਈਂ-ਚਾਈਂ ਤੀਸਰੀ ਮੰਜ਼ਿਲ ਉੱਤੇ ਭਰ-ਭਰ ਬੱਠਲ ਸੁੱਟਦੇ ਰਹੇ। ਇਸੇ ਦੌਰਾਨ ਸੜਕ ਵਿਚਲੇ ਟੋਇਆਂ ਕਾਰਨ ਮੇਰਾ ਧਿਆਨ ਦੂਰ ਖੇਤਾਂ ਵੱਲ ਚਲਾ ਜਾਂਦਾ।

ਮੈਂ ਅਤੇ ਮੇਰਾ ਸਾਥੀ ਦੋਵਾਂ ਦਾ ਇਕੋ ਸਮੇਂ ਸਾਹ ਡਰ ਨਾਲ ਸੂਤਿਆ ਗਿਆ। ਸਾਨੂੰ ਉਥੇ ਸਮਾਧ ਕੋਲ ਭੂਤ ਚੁੜੇਲਾਂ ਨੱਚਦੇ ਦਿਖਾਈ ਦਿੱਤੇ। ਬੱਸ, ਫਿਰ ਕੀ ਸੀ। ਅਸੀਂ ਨਾਂ ਉਤਾਂਹ ਵੇਖਿਆ, ਨਾ ਪਿਛਾਂਹ, ਦਬਾ ਦਬ ਪੈਡਲ ਮਾਰਨ ਲੱਗੇ। ਮੈਨੂੰ ਇੰਝ ਮਹਿਸੂਸ ਹੋਇਆ, ਜਿਵੇਂ ਉਨ੍ਹਾਂ ਨੱਚਦੀਆਂ ਭੂਤਾਂ ਵਿੱਚੋਂ ਕਿਸੇ ਨੇ ਮੇਰਾ ਸਾਈਕਲ ਪਿੱਛੋਂ ਫੜ ਲਿਆ ਹੋਵੇ। ਮੈਂ ਜਿੰਨੇ ਜ਼ੋਰ ਦੀ ਪੈਡਲ ਮਾਰ ਰਿਹਾ ਸੀ, ਸਾਈਕਲ ਓਨਾ ਨਹੀਂ ਸੀ ਦੌੜ ਰਿਹਾ। ਅਸੀਂ ਇਕ ਕਿਲੋਮੀਟਰ ਇਸੇ ਤਰ੍ਹਾਂ ਸਾਈਕਲ ਭਜਾਉਂਦੇ ਰਹੇ, ਫਿਰ ਮੇਰਾ ਸਾਈਕਲ ਇਕ ਕਦਮ ਵੀ ਅੱਗੇ ਨਹੀਂ ਸੀ ਤੁਰ ਰਿਹਾ। ਮੈਂ ਪਸੀਨੋ-ਪਸੀਨੇ ਹੋ ਗਿਆ। ਮੇਰਾ ਸਾਥੀ ਮੈਨੂੰ ਸਾਈਕਲ ਤੇਜ਼ ਚਲਾਉਣ ਨੂੰ ਹੱਲਾਸ਼ੇਰੀ ਦੇ ਰਿਹਾ ਸੀ ਤੇ ਮੈਂ ਰੋਣਹਾਕਾ ਹੋਇਆ ਪਿਆ ਸੀ। 'ਮੈਥੋਂ ਨੀ ਚੱਲਦਾ ਯਾਰ, ਇਸ ਤੋਂ ਤਾਂ ਚੰਗਾ ਮੈਨੂੰ ਭੂਤ ਹੀ ਚਿੰਬੜ ਜਾਵੇ।'

ਮੈਂ ਅੱਕੇ ਹੋਏ ਨੇ ਆਪਣਾ ਸਾਈਕਲ ਰੋਕ ਲਿਆ। ਮੈਂ ਦੇਖਦਾ ਰਹਿ ਜਾਂਦਾ ਹਾਂ ਅਤੇ ਘਬਰਾਇਆ ਹੋਇਆ ਆਪਣੇ ਮਿੱਤਰ ਨੂੰ ਦੱਸਦਾ ਹਾਂ ਤਾਂ ਇਕ ਵਾਰ ਉਹ ਵੀ ਡਰ ਜਾਂਦਾ ਹੈ, ਲਗਦੈ ਜਿਸ ਦਾ ਡਰ ਸੀ, ਉਹੀ ਹੋ ਗਿਆ। ਆਪਣੇ ਮੱਥੇ 'ਤੇ ਉਹ ਵੀ ਹੱਥ ਮਾਰਦਾ ਹੈ। ਉਹ ਮੈਨੂੰ ਕਮਲਿਆਂ ਵਾਂਗੂ ਹੱਸਦੇ ਨੂੰ ਦੇਖ ਕੇ ਹੋਰ ਵੀ ਡਰ ਜਾਂਦਾ ਹੈ। ਉਹ ਪੁੱਛਦਾ ਹੈ, 'ਕੀ ਹੋਇਐ ਤੈਨੂੰ?' ਮੈਂ ਕਿਹਾ, 'ਕੁਝ ਵੀ ਨਹੀਂ।' 'ਫਿਰ ਪਾਗਲਾਂ ਵਾਂਗੂ ਦੰਦ ਕਿਉਂ ਕੱਢੀ ਜਾਨਾਂ।' 'ਓਹ ਆਪਾਂ ਭੂਤ ਤੋਂ ਡਰਦੇ ਸੀ ਨਾ, ਉਹੀ ਗੱਲ ਹੋਈ, ਮੇਰੇ ਸਾਈਕਲ ਨੂੰ ਭੂਤ ਚਿੰਬੜਿਆ ਪਿਐ।' ਮਿੱਤਰ ਹੋਰ ਡਰ ਗਿਆ। ਉਹ ਉਪਰਲੇ ਮਨੋਂ ਨਾ ਡਰਨ ਦਾ ਬਹਾਨਾ ਜਿਹਾ ਬਣਾਉਂਦਾ ਆਖਦਾ ਹੈ, 'ਕਿੱਥੇ ਐ ਭੂਤ। ਮੈਨੂੰ ਤਾਂ ਦਿਸਦਾ ਨਹੀਂ।' ਮੈਂ ਕਿਹਾ, 'ਦੇਖ ਸਾਈਕਲ ਦੇ ਪਿਛਲੇ ਚੱਕੇ ਵਿੱਚ ਫਸਿਆ ਪਿਆ।' ਸਾਈਕਲ ਦੇ ਕੈਰੀਅਰ ਨਾਲ ਬੰਨ੍ਹੀ ਰੱਸੀ ਖੁੱਲ੍ਹ ਕੇ ਪਿਛਲੇ ਚੱਕੇ ਵਿੱਚ ਫਸ ਗਈ ਸੀ, ਜਿਸ ਕਾਰਨ ਸਾਈਕਲ ਚਲਾਉਣ ਸਮੇਂ ਵੱਧ ਜ਼ੋਰ ਲੱਗ ਰਿਹਾ ਸੀ। ਅਸੀਂ ਦੋਵੇਂ ਹੱਸਦੇ-ਹੱਸਦੇ ਆਪੋ ਆਪਣੇ ਘਰ ਪਹੁੰਚ ਗਏ, ਪਰ ਭੂਤ ਨੱਚਣ ਵਾਲੀ ਗੱਲ ਸਾਡੇ ਮਨੋਂ ਨਹੀਂ ਸੀ ਨਿਕਲੀ।

ਸਵੇਰੇ ਕੰਮ ਉਤੇ ਜਾਂਦੇ ਸਮੇਂ ਆਥਣ ਵਾਲੀ ਥਾਂ ਕੁਝ ਵੀ ਦਿਖਾਈ ਨਾ ਦਿੱਤਾ, ਪਰ ਅੰਦਰੋਂ ਅਸੀਂ ਅਜੇ ਵੀ ਪੂਰੇ ਡਰੇ ਹੋਏ ਸੀ। ਇਸ ਬਾਰੇ ਸਾਨੂੰ ਸਾਨੂੰ ਉਸੇ ਪਿੰਡ ਦੇ ਕਿਸੇ ਬੰਦੇ ਤੋਂ ਪਤਾ ਲੱਗਾ ਕਿ ਜਿਸ ਦੇ ਖੇਤ ਵਿੱਚ ਸਮਾਧ ਸੀ, ਉਨ੍ਹਾਂ ਦੇ ਮੁੰਡੇ ਦਾ ਵਿਆਹ ਸੀ। ਉਸ ਵਿਆਹ ਵਿੱਚ ਆਈਆਂ ਮੇਲਣਾਂ ਵੱਡੇ ਵਡੇਰਿਆਂ ਦੀ ਸਮਾਧ ਉਪਰ ਮੱਥਾ ਟੇਕਣ ਸਮੇਂ ਨੱਚ ਰਹੀਆਂ ਸਨ। ਅਸੀਂ ਭੂਤਾਂ ਵਾਲੀ ਗੱਲ ਕਰਕੇ ਸਾਰੇ ਰਾਹ ਹੱਸਦੇ ਰਹੇ ਅਤੇ ਜਦੋਂ ਮੈਂ ਆਪਣੇ ਘਰ ਆ ਕੇ ਦੱਸਿਆ ਤਾਂ ਉਹ ਵੀ ਹੱਸ-ਹੱਸ ਕੇ ਦੂਹਰੇ ਹੋ ਗਏ।




# ਕੇਂਦਰੀ ਗ੍ਰਹਿ ਮੰਤਰਾਲਾ ਵੀ ਅਰੂਸਾ ਆਲਮ ਬਾਰੇ ਸੂਚਨਾ ਨਹੀਂ ਦੇ ਰਿਹਾ

*** ਵੀਜ਼ੇ ਦੀ ਮਿਆਦ ਵਧਣ ਦਾ ਰਾਜ਼ ਡੂੰਘਾ ਹੋਇਆ**

*** ਵੀਜ਼ਾ ਵਧਾਉਣ ਲਈ ਇੱਕ ਮਹਿਲਾ ਕੇਂਦਰੀ ਮੰਤਰੀ 'ਤੇ ਉਂਗਲ ਉਠੀ**

ਬਠਿੰਡਾ, 18 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਰਾਜ ਦਰਬਾਰ ਵਿੱਚ ਮਹਿਮਾਨ ਦੋਸਤ ਕਹੀ ਜਾਂਦੀ ਅਰੂਸਾ ਆਲਮ ਦਾ ਕੋਈ ਭੇਤ ਦੇਣ ਤੋਂ ਭਾਰਤ ਸਰਕਾਰ ਦੇ ਗ੍ਰਹਿ ਮੰਤਰ-ਾਲੇ ਨੇ ਨਾਂਹ ਕਰ ਦਿੱਤੀ ਹੈ। ਅਰੂਸਾ ਆਲਮ ਦੀ ਠਹਿਰ ਪਹਿਲਾਂ ਹੀ ਗੁੱਝਾ ਭੇਤ ਬਣੀ ਹੋਈ ਹੈ, ਅੱਗੋਂ ਕੇਂਦਰ ਸਰਕਾਰ ਵੀ ਇਸ ਬਾਰੇ ਚੁੱਪ ਵੱਟਣਾ ਹੋਰ ਸ਼ੱਕ ਵਧਾਉਂਦਾ ਹੈ।

ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਇਹ ਰੌਲਾ ਪਿਆ ਸੀ ਕਿ ਇੱਕ ਮਹਿਲਾ ਕੇਂਦਰੀ ਮੰਤਰੀ ਨੇ ਅਰੂਸਾ ਆਲਮ ਦੇ ਵੀਜ਼ੇ ਦੀ ਮਿਆਦ ਵਧਾਉਣ ਦੇ ਲਈ ਸਿਫਾਰਸ਼ ਕੀਤੀ ਹੈ। ਵਿਰੋਧੀ ਧਿਰ ਦੇ ਨੇਤਾ ਹੁੰਦਿਆਂ ਸੁਖਪਾਲ ਸਿੰਘ ਖਹਿਰਾ ਨੇ ਕੇਂਦਰੀ ਮੰਤਰੀ ਨੂੰ ਇਸ ਬਾਰੇ ਸਫਾਈ ਦੇਣ ਲਈ ਜਨਤਕ ਤੌਰ 'ਤੇ ਕਿਹਾ ਸੀ। ਵਿਰੋਧੀ ਧਿਰ ਦੇ ਲੋਕ ਆਖ ਰਹੇ ਹਨ ਕਿ ਅਰੂਸਾ ਆਲਮ ਚੰਡੀਗੜ੍ਹ ਠਹਿਰਦੀ ਹੈ, ਪਰ ਠਹਿਰ ਦਾ ਕਿਸੇ ਨੂੰ ਪਤਾ ਨਹੀਂ।

ਇਸ ਸੰਬੰਧ ਵਿੱਚ ਮੀਡੀਆ ਵੱਲੋਂ ਕੇਂਦਰੀ ਵਿਦੇਸ਼ ਮੰਤਰਾਲੇ ਨੇ 12 ਸਤੰਬਰ ਨੂੰ ਆਨ ਲਾਈਨ ਆਰ ਟੀ ਆਈ ਅਰਜ਼ੀ ਭੇਜੀ ਕੇ ਵਿਦੇਸ਼ ਮੰਤਰਾਲੇ ਤੋਂ ਉਨ੍ਹਾਂ ਸਿਫਾਰਸ਼ੀ ਪੱਤਰਾਂ ਦੀ ਫੋਟੋ ਕਾਪੀ ਮੰਗੀ ਗਈ ਸੀ, ਜੋ ਪਾਕਿਸਤਾਨੀ ਮਹਿਲਾ ਨਾਗਰਿਕਾਂ ਦੇ ਵੀਜ਼ੇ ਦੀ ਮਿਆਦ ਦੇ ਵਾਧੇ ਲਈ ਕੇਂਦਰੀ ਵਜ਼ੀਰਾਂ ਵੱਲੋਂ ਲਿਖੇ ਗਏ ਸਨ। ਵਿਦੇਸ਼ ਮੰਤਰਾਲੇ ਨੇ 20 ਸਤੰਬਰ ਨੂੰ ਇਹ ਅਰਜ਼ੀ ਕੇਂਦਰੀ ਗ੍ਰਹਿ ਮੰਤਰਾਲੇ ਦੀ ਵਿਦੇਸ਼ ਬਰਾਂਚ (ਪਾਕਿ ਸੈਲ) ਨੂੰ ਭੇਜ ਦਿੱਤੀ ਤੇ ਫਿਰ ਕਾਫੀ ਸਮਾਂ ਮੰਤਰਾਲੇ ਨੇ ਇਸ ਬਾਰੇ ਚੁੱਪ ਵੱਟੀ ਰੱਖੀ ਅਤੇ ਤਿੰਨ ਨਵੰਬਰ ਨੂੰ ਸੂਚਨਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ।



ਕੇਂਦਰੀ ਗ੍ਰਹਿ ਮੰਤਰਾਲੇ ਅਤੇ ਇੰਟੈਲੀਜੈਂਸ ਬਿਊਰੋ ਨੇ ਤਿੰਨ ਨਵੰਬਰ ਨੂੰ ਭੇਜੇ ਪੱਤਰ ਵਿੱਚ ਆਖਿਆ ਕਿ ਬਿਊਰੋ ਆਫ ਇਮੀਗਰੇਸ਼ਨ ਅਤੇ ਇੰਟੈਲੀਜੈਂਸ ਬਿਊਰੋ ਨੂੰ ਆਰ ਟੀ ਆਈ ਐਕਟ ਵਿੱਚ ਛੋਟ ਮਿਲੀ ਹੋਈ ਹੈ। ਜੁਆਇੰਟ ਡਿਪਟੀ ਡਾਇਰੈਕਟਰ ਨੇ ਪੱਤਰ ਭੇਜ ਕੇ ਅਸਿੱਧੇ ਢੰਗ ਨਾਲ ਕੋਈ ਸੂਚਨਾ ਦੇਣ ਤੋਂ ਨਾਂਹ ਕਰ ਦਿੱਤੀ। ਇਸ ਤੋਂ ਪਹਿਲਾਂ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਆਰ ਟੀ ਆਈ ਹੇਠ ਪਾਕਿਸਤਾਨੀ ਮਹਿਮਾਨਾਂ ਦੀ ਪਹਿਲੀ ਜਨਵਰੀ 2016 ਤੋਂ ਅੱਜ ਤੱਕ ਦੀ ਠਹਿਰ ਬਾਰੇ ਪੁੱਛਿਆ ਗਿਆ ਤਾਂ ਹਿਮਾਚਲ ਪ੍ਰਦੇਸ਼ ਸਰਕਾਰ ਨੇ ਵੀ ਸੂਚਨਾ ਨਹੀਂ ਦਿੱਤੀ ਸੀ। ਏਦਾਂ ਹੀ ਚੰਡੀਗੜ੍ਹ ਪ੍ਰਸ਼ਾਸਨ ਦੇ ਐੱਸ ਐੱਸ ਪੀ ਨੂੰ ਪਾਕਿਸਤਾਨੀ ਔਰਤਾਂ ਦੀ ਬੀਤੇ ਦੋ ਸਾਲਾਂ ਦੀ ਠਹਿਰ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਆਰ ਟੀ ਆਈ ਦੀ ਦਰਖਾਸਤ ਡੀ ਐੱਸ ਪੀ (ਸੀ ਆਈ ਡੀ), ਡੀ ਐਸ ਪੀ ਸਕਿਓਰਿਟੀ ਵਿੰਗ ਅਤੇ ਡੀ ਐੱਸ ਪੀ ਹੈੱਡਕੁਆਰਟਰ ਕੋਲ ਭੇਜ ਦਿੱਤੀ। ਡੀ ਐੱਸ ਪੀ (ਸੀ ਆਈ ਡੀ) ਚੰਡੀਗੜ੍ਹ ਨੇ ਵੀ 21 ਫਰਵਰੀ ਨੂੰ ਪਾਕਿਸਤਾਨੀ ਔਰਤਾਂ ਦੀ ਸੂਚਨਾ ਦੇਣ ਤੋਂ ਨਾਂਹ ਕਰ ਦਿੱਤੀ ਸੀ।

ਵਰਨਣ ਯੋਗ ਹੈ ਕਿ ਅਰੂਸਾ ਆਲਮ ਨੇ 26 ਦਸੰਬਰ 2007 ਨੂੰ ਚੰਡੀਗੜ੍ਹ ਵਿੱਚ ਮੀਡੀਆ ਕੋਲ ਆਪਣਾ ਪੱਖ ਰੱਖਿਆ ਸੀ। ਵਿਰੋਧੀ ਆਗੂ ਹਮੇਸ਼ਾ ਹੀ ਅਰੂਸਾ ਆਲਮ ਦੇ ਬਹਾਨੇ ਹਾਕਮ ਧਿਰ ਨੂੰ ਨਿਸ਼ਾਨੇ 'ਤੇ ਰੱਖਦੇ ਹਨ। ਪੰਜਾਬ ਦੇ ਆਮ ਲੋਕ ਜਾਨਣਾ ਚਾਹੁੰਦੇ ਹਨ ਕਿ ਅਰੂਸਾ ਆਲਮ ਕਿੱਥੇ ਠਹਿਰਦੀ ਹੈ। ਵਿਰੋਧੀਆਂ ਵੱਲੋਂ ਲਾਏ ਜਾਂਦੇ ਦੋਸ਼ਾਂ ਵਿੱਚ ਕਿੰਨਾ ਕੁ ਸੱਚ ਹੈ। ਇਸ ਗੱਲੋਂ ਹੈਰਾਨ ਵੀ ਹਨ ਕਿ ਇਸ ਦਾ ਭੇਤ ਕਿਉਂ ਰੱਖਿਆ ਜਾ ਰਿਹਾ ਹੈ।

## ਬਾਦਲ ਦੀ ਸਰਕਾਰ ਦੌਰਾਨ ਮੈਨੂੰ ਵੀ ਸਰਕਟ ਹਾਊਸ ਵਿੱਚ ਸੱਦ ਕੇ ਪੁੱਛਗਿੱਛ ਕੀਤੀ ਗਈ ਸੀ : ਕੈਪਟਨ

ਚੰਡੀਗੜ੍ਹ, 18 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਮਜ਼ਾਕ ਉਡਾਉਂਦੇ ਹੋਏ ਕਿਹਾ ਕਿ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਵਿੱਚ ਉਨ੍ਹਾਂ ਦੇ ਵਿਰੁੱਧ ਹੋ ਰਹੀ ਵਿਸ਼ੇਸ਼ ਜਾਂਚ ਟੀਮ ਦੀ ਪੁੱਛਗਿੱਛ ਨੂੰ ਸਿਆਸੀ ਪੱਖੋਂ ਪ੍ਰੇਰਿਤ ਦੱਸ ਕੇ ਉਹ ਲੋਕਾਂ ਦਾ ਧਿਆਨ ਲਾਂਭੇ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਵਰਨਣ ਯੋਗ ਹੈ ਕਿ ਪ੍ਰਕਾਸ਼ ਸਿੰਘ ਬਾਦਲ ਨੇ ਕੱਲ੍ਹ ਕਿਹਾ ਸੀ ਕਿ ਕਦੇ ਕਿਸੇ ਸਾਬਕਾ ਮੁੱਖ ਮੰਤਰੀ ਨੂੰ ਇਸ ਤਰ੍ਹਾਂ ਸੰਮਨ ਕਰ ਕੇ ਪੁੱਛਗਿੱਛ ਨਹੀਂ ਕੀਤੀ ਗਈ। ਜਵਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਲੋਕਾਂ ਦੇ ਤਰਸ ਦਾ ਪਾਤਰ ਬਣਨ ਅਤੇ ਨੌਟੰਕੀ ਕਰਨ ਦੇ ਦੋਸ਼ ਬਾਦਲ 'ਤੇ ਲਾਉਂਦਿਆਂ ਕਿਹਾ ਕਿ ਜਾਪਦਾ ਹੈ ਕਿ ਬਾਦਲ 'ਤੇ ਉਮਰ ਦਾ ਅਸਰ ਹੋ ਗਿਆ ਤੇ ਭੁੱਲਣ ਦੀ ਬਿਮਾਰੀ ਤੋਂ ਪੀੜਤ ਹਨ।

ਇਸ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕਾਨੂੰਨ ਦਾ ਸਤਿਕਾਰ ਕਰਨ ਵਾਲੇ ਨਾਗਰਿਕ ਵਜੋਂ ਪੜਤਾਲ ਦਾ ਸਾਹਮਣਾ ਕਰਨ ਦੀ ਸਲਾਹ ਦੇ ਕੇ ਕਿਹਾ, 'ਤੁਹਾਡੀ ਸਰਕਾਰ ਦੌਰਾਨ ਪਟਿਆਲਾ ਸਰਕਟ ਹਾਊਸ ਵਿੱਚ ਪੁਲਸ ਨੇ ਮੈਨੂੰ ਵੀ ਮਨਘੜਤ ਦੋਸ਼ਾਂ ਵਿੱਚ ਸੰਮਨ ਜਾਰੀ ਕਰ ਕੇ ਪੁੱਛਗਿੱਛ ਹੋਈ ਸੀ।' ਵਿਸ਼ੇਸ਼ ਜਾਂਚ ਟੀਮ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੇ ਪ੍ਰਭਾਵ ਹੇਠ ਕੰਮ ਕਰਨ ਬਾਰੇ ਸਾਬਕਾ ਮੁੱਖ ਮੰਤਰੀ ਬਾਦਲ ਦੇ ਬਿਆਨ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਰਾਜ ਸਰਕਾਰ ਨੇ ਵਿਧਾਨ ਸਭਾ ਦੇ ਸਰਬ ਸੰਮਤੀ ਨਾਲ ਕੀਤੇ ਫੈਸਲੇ ਦੀ ਕਰਦੇ ਹੋਏ ਜਾਂਚ ਟੀਮ ਦਾ ਬਣਾ ਕੇ ਅਸੀਂ ਆਪਣੀ ਡਿਊਟੀ ਮੁਕਾ ਦਿੱਤੀ ਹੈ। ਮੁੱਖ ਮੰਤਰੀ ਨੇ ਕਿਹਾ, 'ਮੈਂ ਬਾਦਲ ਤੁਹਾਡੀ ਵਰਗਾ ਨਹੀਂ, ਮੈਂ ਕਾਨੂੰਨ ਅਤੇ ਨਿਰਪੱਖ ਜਾਂਚ ਵਿੱਚ ਵਿਸ਼ਵਾਸ ਰੱਖਦਾ ਹਾਂ।' ਉਨ੍ਹਾਂ ਕਿਹਾ ਕਿ 'ਐਸ ਆਈ ਟੀ ਆਜ਼ਾਦ ਏਜੰਸੀ ਹੈ ਅਤੇ ਸਰਕਾਰ ਦੀ ਇਸ ਦੇ ਕੰਮ ਵਿੱਚ ਕੋਈ ਭੂਮਿਕਾ ਨਹੀਂ। ਉਨ੍ਹਾਂ ਕਿਹਾ ਕਿ ਹੁਣ ਜਾਂਚ ਅਧਿਕਾਰੀਆਂ ਉਤੇ ਨਿਰਭਰ ਹੈ ਕਿ ਉਹ ਜਿਵੇਂ ਚਾਹੁਣ, ਆਪਣੀ ਜਾਂਚ ਕਰਨ।'

ਕੱਲ੍ਹ ਇਥੇ ਜਾਰੀ ਕੀਤੇ ਗਏ ਬਿਆਨ ਵਿੱਚ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਐਸ ਆਈ ਟੀ ਬਹੁਤ ਕਾਬਲ ਅਧਿਕਾਰੀਆਂ ਉੱਤੇ ਆਧਾਰਤ ਹੈ ਤੇ ਉਹ ਜਿਸ ਨੂੰ ਚਾਹੁਣ, ਸੰਮਨ ਭੇਜਣ ਅਤੇ ਪੁੱਛਗਿੱਛ ਕਰਨ ਲਈ ਆਜ਼ਾਦ ਹਨ। ਉਨ੍ਹਾਂ ਕਿਹਾ, 'ਜੇ ਜਾਂਚ ਅਧਿਕਾਰੀਆਂ ਵੱਲੋਂ ਕੋਈ ਦੋਸ਼ੀ ਪਾਇਆ ਗਿਆ ਤਾਂ ਉਹ ਇਸ ਬਾਰੇ ਰਿਪੋਰਟ ਤਿਆਰ ਕਰ ਕੇ ਅਗਲੇਰੀ ਕਾਰਵਾਈ ਲਈ ਅਦਾਲਤ ਨੂੰ ਸੌਂਪਣਗੇ। ਉਨ੍ਹਾਂ ਦੀ ਸਰਕਾਰ ਦਾ ਜਾਂਚ ਜਾਂ ਜਾਂਚ ਦੇ ਸਿੱਟੇ ਵਿੱਚ ਜੋ ਵੀ ਹੋਵੇ, ਕੋਈ ਰੋਲ ਨਹੀਂ।" ਮੁੱਖ ਮੰਤਰੀ ਨੇ ਆਖਿਆ ਕਿ ਬਾਦਲ ਵੱਲੋਂ ਦਾ ਸੁਝਾਅ ਬਹੁਤ ਹਾਸੋਹੀਣਾ ਹੈ ਕਿ ਐੱਸ ਆਈ ਟੀ ਦੀ ਰਿਪੋਰਟ ਪੰਜਾਬ ਦੇ ਐਡਵੋਕੇਟ ਜਨਰਲ ਵੱਲੋਂ ਲਿਖੀ ਜਾਵੇਗੀ।

## ਸਲੇਮਪੁਰ ਮਸੰਦਾਂ ਵਿੱਚ ਪਰਵਾਰ ਬੰਦੀ ਬਣਾ ਕੇ ਲੁਟੇਰਿਆਂ ਵੱਲੋਂ ਲੱਖਾਂ ਦੀ ਲੁੱਟ



ਜਲੰਧਰ, 18 ਨਵੰਬਰ (ਪੋਸਟ ਬਿਊਰੋ)- ਥਾਣਾ ਰਾਮਾ ਮੰਡੀ ਦੇ ਪਿੰਡ ਸਲੇਮਪੁਰ ਮਸੰਦਾਂ 'ਚ ਬਾਹਰਵਾਰ ਖੂਹ 'ਤੇ ਰਹਿੰਦੇ ਇਕ ਪਰਵਾਰ ਨੂੰ ਬੰਦੀ ਬਣਾ ਕੇ ਇਕ ਦਰਜਨ ਦੇ ਕਰੀਬ ਹਥਿਆਰਬੰਦ ਲੁਟੇਰਿਆਂ ਨੇ ਲੱਖਾਂ ਰੁਪਏ ਦੇ ਗਹਿਣੇ ਤੇ ਨਕਦੀ ਲੁੱਟ ਲਈ। ਲੁਟੇਰੇ ਏਨੇ ਬੇਖੌਫ ਸਨ ਕਿ ਉਨ੍ਹਾਂ ਨੇ ਪਰਵਾਰਕ ਮੈਂਬਰਾਂ ਕੋਲੋਂ ਮੰਗ ਕੇ ਪਹਿਲਾਂ ਦੋ ਬੋਤਲਾਂ ਸ਼ਰਾਬ ਪੀਤੀ ਤੇ ਫਿਰ ਘਰ 'ਚ ਪਏ 20 ਤੋਲੇ ਸੋਨੇ ਦੇ ਗਹਿਣੇ ਤੇ ਕਰੀਬ ਤਿੰਨ ਲੱਖ ਰੁਪਏ ਦੀ ਨਕਦੀ ਲੁੱਟ ਕੇ ਲੈ ਗਏ। ਇਸ ਘਟਨਾ ਦੀ ਸੂਚਨਾ ਮਿਲਦੇ ਸਾਰ ਰਾਮਾ ਮੰਡੀ ਦੀ ਪੁਲਸ ਮੌਕੇ 'ਤੇ ਪੁੱਜੀ, ਪਰ ਲੁਟੇਰਿਆਂ ਸੁਰਾਗ ਨਹੀਂ ਮਿਲ ਸਕਿਆ।

ਵਰਨਣ ਯੋਗ ਹੈ ਕਿ ਪਰਵਾਰ ਦਾ ਮੁਖੀ ਮੁਖਤਿਆਰ ਸਿੰਘ ਦੋ ਹਫਤੇ ਪਹਿਲਾਂ ਹੀ ਗਰੀਸ ਤੋਂ 12 ਸਾਲ ਬਾਅਦ ਪਰਤਿਆ ਸੀ ਅਤੇ ਕੱਲ੍ਹ ਉਸ ਦਾ ਵਿਆਹ ਹੋਇਆ ਅਤੇ ਘਰ 'ਚ ਗਹਿਣੇ ਗੱਟੇ ਤੇ ਹੋਰ ਕੀਮਤੀ ਸਾਮਾਨ ਸੀ। ਪਰਵਾਰ ਦੇ ਨਜ਼ਦੀਕੀ ਰਿਸ਼ਤੇਦਾਰ ਮਨਜਿੰਦਰ ਸਿੰਘ ਨੇ ਦੱਸਿਆ ਕਿ ਵਾਰਦਾਤ ਸਮੇਂ ਘਰ ਵਿੱਚ ਮੁਖਤਿਆਰ ਸਿੰਘ, ਉਸ ਦੀ ਪਤਨੀ ਰੁਪਿੰਦਰ ਕੌਰ, ਭਰਾ ਸੰਦੀਪ ਸਿੰਘ ਤੇ ਉਸ ਦੀ ਪਤਨੀ ਰਾਜਪ੍ਰੀਤ ਕੌਰ ਤੋਂ ਇਲਾਵਾ ਮਾਤਾ ਜਸਬੀਰ ਕੌਰ ਤੇ ਸਾਲ ਕੁ ਦੀ ਬੱਚੀ ਹਰਜੋਤ ਕੌਰ ਮੌਜੂਦ ਸੀ। ਲੁਟੇਰੇ ਕੰਧ ਟੱਪ ਕੇ ਘਰ 'ਚ ਦਾਖਲ ਹੋਏ ਤੇ ਆਉਂਦਿਆਂ ਹੀ ਉਨ੍ਹਾਂ ਮਾਤਾ ਨੂੰ ਜਗਾਇਆ ਤੇ ਫਿਰ ਸੰਦੀਪ ਸਿੰਘ ਦੇ ਕਮਰੇ ਵਿੱਚ ਜਾ ਕੇ ਉਸ ਦੀ ਬੱਚੀ ਨੂੰ ਹਥਿਆਰਾਂ ਦੇ ਜ਼ੋਰ ਉੱਤੇ ਬੰਦੀ ਬਣਾ ਲਿਆ। ਸਾਰੇ ਪਰਵਾਰ ਦੇ ਹੱਥ ਪੈਰ ਬੰਨ੍ਹ ਕੇ ਉਨ੍ਹਾਂ ਨੂੰ ਇਕ ਕਮਰੇ 'ਚ ਬੰਦ ਕਰ ਦਿੱਤਾ ਤੇ ਅਲਮਾਰੀਆਂ, ਪੇਟੀਆਂ ਤੇ ਲਾਕਰ ਆਦਿ ਤੋੜ ਕੇ 20 ਤੋਲੇ ਦੇ ਕਰੀਬ ਸੋਨੇ ਦੇ ਗਹਿਣੇ, ਕਰੀਬ ਤਿੰਨ ਲੱਖ ਰੁਪਏ ਦੀ ਨਕਦੀ ਤੇ ਹੋਰ ਕੀਮਤੀ ਸਾਮਾਨ ਲੁੱਟ ਕੇ ਲੈ ਗਏ।

## ਸੁਖਬੀਰ ਸਿੰਘ ਬਾਦਲ ਦੇ ਚੋਣ ਹਲਕੇ ਵਿੱਚ ਸੇਵਾ ਸਿੰਘ ਸੇਖਵਾਂ ਦੀ ਜ਼ੋਰਦਾਰ ਸੰਨ੍ਹ

*** 40 ਅਕਾਲੀ ਆਗੂ 'ਅਕਾਲੀ ਦਲ ਬਚਾਓ' ਲਹਿਰ ਵਿੱਚ ਸ਼ਾਮਲ**

ਜਲਾਲਾਬਾਦ, 18 ਨਵੰਬਰ (ਪੋਸਟ ਬਿਊਰੋ)- ਅਕਾਲੀ ਦਲ ਤੋਂ ਬਾਗੀ ਹੋ ਚੁੱਕੇ ਟਕਸਾਲੀ ਆਗੂ ਸੇਵਾ ਸਿੰਘ ਸੇਖਵਾਂ ਨੇ 'ਅਕਾਲੀ ਦਲ ਬਚਾਓ' ਲਹਿਰ ਦਾ ਆਰੰਭ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਹਲਕਾ ਜਲਾਲਾਬਾਦ ਵਿੱਚ ਮੰਡੀ ਅਰਨੀਵਾਲਾ ਤੋਂ ਕੀਤਾ ਹੈ। ਇਸ ਮੌਕੇ ਅਕਾਲੀ ਦਲ ਨੂੰ ਕਰੀਬ 20 ਦਿਨ ਪਹਿਲਾਂ ਛੱਡ ਚੁੱਕੇ ਅਕਾਲੀ ਆਗੂਆਂ ਨੇ ਸੇਖਵਾਂ ਦਾ ਭਰਵਾਂ ਸਵਾਗਤ ਕੀਤਾ ਅਤੇ ਜਥੇਦਾਰ ਚਰਨ ਸਿੰਘ ਦੀ ਅਗਵਾਈ ਹੇਠਲੇ ਕਰੀਬ 40 ਅਕਾਲੀ ਆਗੂਆਂ ਨੇ ਸੇਖਵਾਂ ਦੇ ਨਾਲ ਹੋ ਕੇ ਬਾਦਲ ਪਰਿਵਾਰ ਦੇ ਖਿਲਾਫ ਮੁਹਿੰਮ ਛੇੜਨ ਦਾ ਐਲਾਨ ਕੀਤਾ ਹੈ।



ਮਿਲੀ ਜਾਣਕਾਰੀ ਅਨੁਸਾਰ ਸੁਖਬੀਰ ਸਿੰਘ ਬਾਦਲ ਨੂੰ ਓਦੋਂ ਵੱਡਾ ਧੱਕਾ ਲੱਗਾ, ਜਦ ਉਨ੍ਹਾਂ ਦੇ ਹਲਕਾ ਜਲਾਲਾ-ਬਾਦ ਦੇ ਪਿੰਡ ਕੰਧਵਾਲਾ ਹਾਜ਼ਰ ਖਾਂ ਵਿਖੇ ਟਕਸਾਲੀ ਅਕਾਲੀ ਆਗੂ ਅਤੇ ਮਾਰਕੀਟ ਕਮੇਟੀ ਅਰਨੀਵਾਲਾ ਦੇ ਸਾਬਕਾ ਚੇਅਰਮੈਨ ਜਥੇਦਾਰ ਚਰਨ ਸਿੰਘ ਨੇ ਗੁਰਦੁਆਰਾ ਸਾਹਿਬ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਿੱਛੋਂ ਇਕ ਸਮਾਗਮ ਰੱਖਿਆ ਸੀ। ਇਸ ਸਮਾਗਮ ਵਿੱਚ ਮਾਝੇ ਤੋਂ ਆਏ ਟਕਸਾਲੀ ਅਕਾਲੀ ਆਗੂ ਜਥੇਦਾਰ ਸੇਵਾ ਸਿੰਘ ਸੇਖਵਾਂ ਦੀ ਅਗਵਾਈ ਹੇਠ 40 ਅਕਾਲੀ ਆਗੂ ਇਕੱਠੇ ਬਾਦਲ ਪਰਿਵਾਰ ਦੇ ਖਿਲਾਫ਼ 'ਅਕਾਲੀ ਦਲ ਬਚਾਓ' ਮੁਹਿੰਮ ਵਿੱਚ ਸ਼ਾਮਲ ਹੋ ਗਏ। ਅਕਾਲੀ ਦਲ ਦੇ ਖਿਲਾਫ਼ ਬਗਾਵਤ ਦਾ ਝੰਡਾ ਚੁੱਕਣ ਵਾਲੇ ਜਥੇਦਾਰ ਚਰਨ ਸਿੰਘ ਨੇ ਸਾਥੀਆਂ ਸਣੇ ਬਾਦਲ ਪਰਿਵਾਰ ਬਾਰੇ ਭੜਾਸ ਕੱਢੀ ਅਤੇ ਜਥੇਦਾਰ ਸੇਖਵਾਂ ਨੂੰ ਭਰੋਸਾ ਦਿੱਤਾ ਕਿ ਉਹ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਉਨ੍ਹਾਂ ਦਾ ਸਾਥ ਦੇਣਗੇ।

ਇਸ ਮੌਕੇ ਸੰਬੋਧਨ ਕਰਦਿਆਂ ਜਥੇਦਾਰ ਸੇਵਾ ਸਿੰਘ ਸੇਖਵਾਂ ਨੇ ਕਿਹਾ ਕਿ ਬਾਦਲ ਪਰਿਵਾਰ ਖਾਸ ਕਰਕੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਵਿੱਚ ਵੱਡਾ ਨਿਘਾਰ ਆਇਆ ਹੈ, ਜੇ ਸੁਖਬੀਰ ਸਿੰਘ ਅਤੇ ਮਜੀਠੀਆ ਨੂੰ ਅਕਾਲੀ ਦਲ ਤੋਂ ਲਾਂਭੇ ਕੀਤਾ ਜਾਵੇ ਤਾਂ ਉਹ ਫਿਰ ਅਕਾਲੀ ਦਲ ਲਈ ਕੰਮ ਕਰਨ ਲਈ ਤਿਆਰ ਹਨ।

## ਜਾਅਲੀ ਡਿਗਰੀ ਨਾਲ ਨੌਕਰੀ ਕਰਦੇ ਡਾਕਟਰ ਉੱਤੇ ਕੇਸ ਦਰਜ

ਫਿਰੋਜ਼ਪੁਰ, 18 ਨਵੰਬਰ (ਪੋਸਟ ਬਿਊਰੋ)- ਕਿਸੇ ਅਸਲੀ ਡਾਕਟਰ ਦੀ ਡਿਗਰੀ ਉੱਤੇ ਆਪਣਾ ਨਾਂਅ ਲਿਖ ਕੇ ਜਾਅਲੀ ਡਿਗਰੀ ਬਣਾਉਣ ਅਤੇ ਹਸਪਤਾਲਾਂ ਵਿੱਚ ਡਾਕਟਰ ਦੀ ਨੌਕਰੀ ਕਰ ਰਹੇ ਇੱਕ ਵਿਅਕਤੀ ਦੇ ਖਿਲਾਫ ਥਾਣਾ ਕੈਂਟ ਪੁਲਸ ਨੇ ਧੋਖਾਧੜੀ ਦਾ ਕੇਸ ਦਰਜ ਕੀਤਾ ਹੈ। ਦੋਸ਼ੀ ਦੋ ਹਸਪਤਾਲਾਂ ਅਤੇ ਇੱਕ ਨਰਸਿੰਗ ਹੋਮ ਵਿੱਚ ਡਾਕਟਰ ਦੀ ਨੌਕਰੀ ਕਰ ਚੁੱਕਾ ਹੈ। ਥਾਣਾ ਕੈਂਟ ਪੁਲਸ ਨੇ ਡਾਕਟਰ ਰੋਮੀ ਦੇ ਬਿਆਨ 'ਤੇ ਕੱਲ੍ਹ ਉਸ ਉੱਤੇ ਕੇਸ ਦਰਜ ਕੀਤਾ ਹੈ।

ਡਾਕਟਰ ਰੋਮੀ ਕਾਂਤ ਗਰੋਵਰ (35) ਪੁੱਤਰ ਯਸ਼ਪਾਲ ਗਰੋਵਰ ਵਾਸੀ ਫੇਸ-1, ਗੋਲਡਨ ਇਨਕਲੇਵ ਫਿਰੋਜ਼ਪੁਰ ਨੇ ਪੁਲਸ ਨੂੰ ਸ਼ਿਕਾਇਤ ਕੀਤੀ ਕਿ ਖੜਕ ਸਿੰਘ ਵਾਸੀ ਝੋਕ ਰੋਡ, ਫਿਰੋਜ਼ਪੁਰ ਕੈਂਟ (ਮੌਜੂਦਾ ਪਤਾ ਪਾਲ ਐਵੇਨਿਊ, ਰਾਮ ਤੀਰਥ ਰੋਡ, ਅੰਮ੍ਰਿਤਸਰ) ਨੇ ਕਿਸੇ ਤਰ੍ਹਾਂ ਉਸ ਦੇ ਦਸਤਾਵੇਜ਼ ਹਾਸਲ ਕਰ ਕੇ ਉਨ੍ਹਾਂ ਦਸਤਾਵੇਜ਼ਾਂ ਤੋਂ ਉਸ ਦਾ ਨਾਂਅ ਮਿਟਾ ਕੇ ਆਪਣਾ ਨਾਂਅ ਲਿਖ ਲਿਆ ਅਤੇ ਉਹ ਜਾਅਲੀ ਦਸਤਾਵੇਜ਼ ਦਿਖਾ ਕੇ ਪਹਿਲਾਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਅਤੋਵਾਲ ਦੇ ਬਾਬਾ ਜਵਾਲਾ ਸਿੰਘ ਚੈਰੀਟੇਬਲ ਹਸਪਤਾਲ ਵਿੱਚ ਨੌਕਰੀ ਕੀਤੀ, ਫਿਰ ਜ਼ਿਲ੍ਹਾ ਜਲੰਧਰ ਦੇ ਲੋਹੀਆਂ ਖਾਸ ਦੇ ਗੁਰਪ੍ਰੀਤ ਨਰਸਿੰਗ ਹੋਮ ਵਿੱਚ ਡਾਕਟਰ ਦੀ ਨੌਕਰੀ ਕੀਤੀ। ਇਸੇ ਤਰ੍ਹਾਂ ਦੋਸ਼ੀ ਨੇ ਪ੍ਰਿਤਕਾ ਰਜਤ ਹਸਪਤਾਲ ਵਿੱਚ ਡਾਕਟਰ ਦੇ ਤੌਰ 'ਤੇ ਨੌਕਰੀ ਕੀਤੀ। ਜਦ ਡਾਕਟਰ ਰੋਮੀ ਨੂੰ ਪਤਾ ਲੱਗਾ ਤਾਂ ਉਸ ਨੇ ਆਪਣੇ ਪੱਧਰ 'ਤੇ ਜਾਂਚ ਕੀਤੀ ਅਤੇ ਸੱਚਾਈ ਸਾਹਮਣੇ ਆਈ ਤਾਂ ਉਸ ਨੇ ਪੁਲਸ ਨੂੰ ਸ਼ਿਕਾਇਤ ਕੀਤੀ। ਪੁਲਸ ਨੇ ਡਾਕਟਰ ਰੋਮੀ ਕਾਂਤ ਦੀ ਸ਼ਿਕਾਇਤ 'ਤੇ ਖੜਕ ਸਿੰਘ ਉੱਤੇ ਧੋਖਾਧੜੀ ਦਾ ਪਰਚਾ ਦਰਜ ਕੀਤਾ।

## ਢੀਂਡਸਾ ਨੇ ਡਾਕਟਰ ਕ੍ਰਿਪਾਲ ਸਿੰਘ ਦੇ ਖਿਲਾਫ ਸ਼੍ਰੋਮਣੀ ਕਮੇਟੀ ਦਾ ਫੈਸਲਾ ਦੁਖਦਾਈ ਕਿਹਾ

ਸੰਗਰੂਰ, 18 ਨਵੰਬਰ (ਪੋਸਟ ਬਿਊਰੋ)- ਅਕਾਲੀ ਦਲ ਦੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕੱਲ੍ਹ ਕਿਹਾ ਕਿ ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਇਤਿਹਾਸਕਾਰ ਡਾਕਟਰ ਕਿਰਪਾਲ ਸਿੰਘ ਨੂੰ ਸਿੱਖ ਇਤਿਹਾਸ ਸਰੋਤ ਸੰਪਾਦਨਾ ਪ੍ਰੋਜੈਕਟ ਦਾ ਚੇਅਰਮੈਨ ਦੇ ਅਹੁਦੇ ਤੋਂ ਹਟਾਉਣਾ ਬੇਹੱਦ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੇ ਫੈਸਲੇ 'ਤੇ ਮੁੜ ਗੌਰ ਕਰਨੀ ਚਾਹੀਦੀ ਹੈ।

ਇਥੋਂ ਨੇੜੇ ਆਪਣੇ ਜੱਦੀ ਪਿੰਡ ਉਭਾਵਾਲ ਵਿੱਚ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਢੀਂਡਸਾ ਨੇ ਕਈ ਗੱਲਾਂ ਬਾਰੇ ਖੁੱਲ੍ਹ ਕੇ ਵਿਚਾਰ ਦੱਸੇ। ਇਸ ਪਿੰਡ ਦੇ ਲੋਕਾਂ ਨੇ ਉਨ੍ਹਾਂ ਦੀ ਸਿਹਤਯਾਬੀ ਲਈ ਅਖੰਠ ਪਾਠ ਕਰਾਇਆ ਸੀ, ਜਿਸ ਦਾ ਕੱਲ੍ਹ ਭੋਗ ਪੈਣਾ ਸੀ। ਇਸ ਮੌਕੇ ਢੀਂਡਸਾ ਨੇ ਕਿਹਾ ਕਿ ਪੰਜਾਬ ਸਕੂਲ ਸਿਖਿਆ ਬੋਰਡ ਦੀਆਂ ਪੁਸਤਕਾਂ ਦੇ ਵਿੱਚ ਸਿੱਖ ਇਤਿਹਾਸ ਨਾਲ ਛੇੜਛਾੜ ਦੇ ਦੋਸ਼ ਹੇਠ ਸ਼੍ਰੋਮਣੀ ਕਮੇਟੀ ਨੇ ਡਾਕਟਰ ਕਿਰਪਾਲ ਸਿੰਘ ਦਾ ਪੱਖ ਸੁਣੇ ਬਗੈਰ ਉਨ੍ਹਾਂ ਨੂੰ ਸੇਵਾ ਤੋਂ ਲਾਂਭੇ ਕਰ ਦਿੱਤਾ ਹੈ। ਢੀਂਡਸਾ ਨੇ ਸ਼੍ਰੋਮਣੀ ਕਮੇਟੀ ਦੇ ਚੋਣ ਇਜਲਾਸ ਮੌਕੇ ਬੀਬੀ ਕਿਰਨਜੋਤ ਕੌਰ ਦੀ ਗੱਲ ਸੁਣੇ ਬਿਨਾਂ ਉਨ੍ਹਾਂ ਤੋਂ ਮਾਈਕ ਖੋਹਣ ਦੀ ਵੀ ਨਿੰਦਾ ਕੀਤੀ ਅਤੇ ਕਿਹਾ ਕਿ ਹਰ ਕਿਸੇ ਨੂੰ ਆਪਣੀ ਗੱਲ ਕਹਿਣ ਦਾ ਹੱਕ ਹੈ ਤੇ ਅਜਿਹਾ ਨਹੀਂ ਕੀਤਾ ਜਾਣਾ ਚਾਹੀਦਾ ਸੀ। ਉਨ੍ਹਾਂ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਪਾਰਟੀ ਦੇ ਟਕਸਾਲੀ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ ਡਾਕਟਰ ਰਤਨ ਸਿੰਘ ਅਜਨਾਲਾ ਅਤੇ ਸੇਵਾ ਸਿੰਘ ਸੇਖਵਾਂ ਦੀ ਪਾਰਟੀ ਨੂੰ ਵੱਡੀ ਦੇਣ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦੀ ਜੇ ਕੋਈ ਗਲਤੀ ਸੀ ਤਾਂ ਨੋਟਿਸ ਭੇਜ ਕੇ ਪੱਖ ਸੁਣਨਾ ਚਾਹੀਦਾ ਸੀ। ਢੀਂਡਸਾ ਨੇ ਕਿਹਾ ਕਿ ਟਕਸਾਲੀ ਆਗੂਆਂ ਨੂੰ ਇਸ ਤਰ੍ਹਾਂ ਲਾਂਭੇ ਕਰਨਾ ਠੀਕ ਨਹੀਂ। ਉਨ੍ਹਾਂ ਨੇ ਕਿਹਾ ਕਿ ਸਿਹਤ ਠੀਕ ਨਾ ਹੋਣ ਕਾਰਨ ਉਨ੍ਹਾਂ ਸਿਆਸਤ ਤੋਂ ਕਿਨਾਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਅਜੋਕੀ ਸਿਆਸਤ ਦਾ ਪੱਧਰ ਵੀ ਕਾਫੀ ਡਿੱਗ ਗਿਆ ਹੈ।

## ਲੌਂਗੇਵਾਲਾ ਦੀ ਜੰਗ ਦੇ ਹੀਰੋ ਬ੍ਰਿਗੇਡੀਅਰ ਚਾਂਦਪੁਰੀ ਨਹੀਂ ਰਹੇ

ਚੰਡੀਗੜ੍ਹ, 18 ਨਵੰਬਰ, (ਪੋਸਟ ਬਿਊਰੋ)- ਸਾਲ 1971 ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ ਲੌਂਗੇਵਾਲਾ ਦੀ ਜੰਗ ਦੇ ਹੀਰੋ ਸੇਵਾ ਮੁਕਤ ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ (78) ਦਾ ਅੱਜ ਮੁਹਾਲੀ ਦੇ ਇੱਕ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਹ ਕੈਂਸਰ ਤੋਂ ਪੀੜਤ ਸਨ। ਚਾਂਦਪੁਰੀ ਦੇ ਪਰਿਵਾਰ ਵਿਚ ਉਨ੍ਹਾਂ ਦੀ ਪਤਨੀ ਤੇ ਤਿੰਨ ਪੁੱਤਰ ਹਨ। ਲੌਂਗੇਵਾਲਾ ਰਾਜਸਥਾਨ ਦੇ ਥਾਰ ਰੇਗਿਸਤਾਨ ਦੀ ਸਰਹੱਦੀ ਚੌਕੀ ਹੈ, ਜਿੱਥੇ ਮੇਜਰ ਚਾਂਦਪੁਰੀ ਨੇ ਭਾਰਤ ਦੇ ਸਵਾ ਸੌ ਫ਼ੌਜੀਆਂ ਨਾਲ ਪਾਕਿਸਤਾਨੀ ਫੌਜ ਦਾ ਵੱਡਾ ਹਮਲਾ ਨਾਕਾਮ ਕੀਤਾ ਸੀ। ਉਨ੍ਹਾਂ ਨੂੰ ਲੌਂਗੇਵਾਲਾ ਜੰਗ ਵਿਚ ਦਿਖਾਏ ਮਿਸਾਲੀ ਹੌਸਲੇ ਲਈ ਮਹਾਵੀਰ ਚੱਕਰ ਮਿਲਿਆ ਸੀ। ਚਾਂਦਪੁਰੀ 1963 ਵਿਚ ਆਫਿਸਰਜ਼ ਟਰੇਨਿੰਗ ਅਕੈਡਮੀ ਚੇਨਈ ਤੋਂ ਪਾਸ ਹੋਏ ਅਤੇ ਪੰਜਾਬ ਰੈਜੀਮੈਂਟ ਦੀ 23ਵੀਂ ਬਟਾਲੀਅਨ ਵਿਚ ਕਮਿਸ਼ਨ ਲਿਆ ਸੀ। ਸਾਲ 1965 ਦੀ ਜੰਗ ਵਿਚ ਉਨ੍ਹਾਂ ਪੱਛਮੀ ਸੈਕਟਰ ਵਿਚ ਭਾਗ ਲਿਆ ਤੇ ਬਾਅਦ ਵਿਚ ਕਰੀਬ ਇਕ ਸਾਲ ਯੂ ਐੱਨ ਓ ਲਈ ਕੰਮ ਕਰਦੇ ਰਹੇ।

## ਕੈਪਟਨ ਅਮਰਿੰਦਰ ਸਿੰਘ ਦੇ ਸਿਆਸੀ ਸਕੱਤਰ ਸੇਖੋਂ ਦਾ ਦਿਹਾਂਤ

ਜਲੰਧਰ, 18 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਸਿਆਸੀ ਸਕੱਤਰ ਕਰਣਪਾਲ ਸਿੰਘ ਸੇਖੋਂ ਦਾ ਸ਼ੁੱਕਰਵਾਰ ਦੇਰ ਰਾਤ ਮਿਸਰ ਵਿੱਚ ਦਿਹਾਂਤ ਹੋ ਗਿਆ। ਉਹ ਆਪਣੇ ਬੇਟੇ ਅਤੇ ਬੇਟੀ ਨਾਲ ਮਿਸਰ ਦੇ ਨਿੱਜੀ ਦੌਰੇ 'ਤੇ ਗਏ ਹੋਏ ਸਨ। ਉਨ੍ਹਾਂ ਦੀ ਪਤਨੀ ਦਾ ਪਹਿਲਾਂ ਹੀ ਦਿਹਾਂਤ ਹੋ ਚੁੱਕਾ ਹੈ।

ਮਿਲੀ ਜਾਣਕਾਰ ਮੁਤਾਬਕ ਸੇਖੋਂ ਨੂੰ ਸ਼ੁੱਕਰਵਾਰ ਦੇਰ ਰਾਤ ਦਿਲ ਦਾ ਦੌਰਾ ਪਿਆ, ਜੋ ਉਨ੍ਹਾਂ ਲਈ ਜਾਨਲੇਵਾ ਸਾਬਤ ਹੋਇਆ। ਪਤਾ ਲੱਗਾ ਹੈ ਕਿ ਜਿਸ ਸਮੇਂ ਸੇਖੋਂ ਨੂੰ ਦਿਲ ਦਾ ਦੌਰਾ ਪਿਆ, ਉਸ ਸਮੇਂ ਉਹ ਇੱਕ ਕਰੂਜ਼ ਵਿੱਚ ਸਫਰ ਕਰ ਰਹੇ ਸਨ। ਉਨ੍ਹਾਂ ਨੂੰ ਤੁਰੰਤ ਇੱਕ ਮਿਲਟਰੀ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਉਹ ਸੰਗਰੂਰ ਜ਼ਿਲ੍ਹੇ ਦੇ ਪਿੰਡ ਬੰਜਾਰਾ ਨਾਲ ਸੰਬੰਧਤ ਸਨ।











## ਸੀ ਬੀ ਆਈ ਡਾਇਰੈਕਟਰ ਆਲੋਕ ਵਰਮਾ ਨੂੰ ਕਲੀਨ ਚਿੱਟ ਅਜੇ ਵੀ ਨਹੀਂ ਮਿਲੀ



ਨਵੀਂ ਦਿੱਲੀ, 18 ਨਵੰਬਰ, (ਪੋਸਟ ਬਿਊਰੋ)- ਸੀ ਬੀ ਆਈ ਅਫਸਰਾਂ ਵਿਚਲੇ ਰੱਫੜ ਦੇ ਕੇਸ ਵਿੱਚ ਕੇਂਦਰੀ ਵਿਜੀਲੈਂਸ ਕਮਿਸ਼ਨ (ਸੀ ਵੀ ਸੀ) ਨੇ ਅੱਜ ਸੁਪਰੀਮ ਕੋਰਟ ਨੂੰ ਦੱਸਿਆ ਕਿ ਸੀ ਬੀ ਆਈ ਡਾਇਰੈਕਟਰ ਆਲੋਕ ਕੁਮਾਰ ਵਰਮਾ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਕਲੀਨ ਚਿੱਟ ਉਨ੍ਹਾਂ ਨੇ ਅਜੇ ਨਹੀਂ ਦਿੱਤੀ ਤੇ ਉਸ ਦੇ ਖ਼ਿਲਾਫ਼ ਲਾਏ ਗਏ ਕੁਝ ਖਾਸ ਦੋਸ਼ਾਂ ਦੀ ਅਜੇ ਜਾਂਚ ਅਜੇ ਤੱਕ ਵੀ ਚੱਲ ਰਹੀ ਹੈ।

ਚੀਫ਼ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਹੇਠਲੇ ਅਦਾਲਤੀ ਬੈਂਚ ਨੇ ਸੀ ਵੀ ਸੀ ਰਿਪੋਰਟ ਲੈਣ ਪਿੱਛੋਂ ਕਿਹਾ ਕਿ ਸੀ ਵੀ ਸੀ ਨੇ ਵਿਸਥਾਰ ਵਿੱਚ ਰਿਪੋਰਟ ਦਿੱਤੀ ਹੈ, ਜਿਸ ਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਕੁਝ ਗੱਲਾਂ ਇਸ ਦੇ ਪੱਖ ਵਿੱਚ ਅਤੇ ਕੁਝ ਟਿਪਣੀਆਂ ਵਿਰੋਧ ਵਿੱਚ ਹਨ, ਜਿਨ੍ਹਾਂ ਦੀ ਅਜੇ ਜਾਂਚ ਦੀ ਲੋੜ ਹੈ। ਕੋਰਟ ਨੇ ਕਿਹਾ ਕਿ ਸੀ ਵੀ ਸੀ ਇਸ ਜਾਂਚ ਲਈ ਹੋਰ ਸਮਾਂ ਚਾਹੁੰਦਾ ਹੈ। ਸੀ ਵੀ ਸੀ ਦੀਆਂ ਲੱਭਤਾਂ ਨੂੰ ਰਲਿਆ-ਮਿਲਿਆ ਦੱਸ ਕੇ ਕੋਰਟ ਨੇ ਇਸ ਨੂੰ ਵਿਸਥਾਰ ਵਾਲੀ ਗੁਪਤ ਰਿਪੋਰਟ ਮੰਨਿਆ ਅਤੇ ਕਿਹਾ ਕਿ ਇਸ ਦੀ ਇਕ ਕਾਪੀ ਸੀਲਬੰਦ ਲਿਫਾਫੇ 'ਚ ਆਲੋਕ ਵਰਮਾ ਨੂੰ ਦਿੱਤੀ ਜਾਵੇ। ਬੈਂਚ ਨੇ ਉਨ੍ਹਾਂ ਨੂੰ 19 ਨਵੰਬਰ ਤਕ ਰਿਪੋਰਟ ਦੇਖ ਕੇ ਜਵਾਬ ਦੇਣ ਲਈ ਕਿਹਾ ਅਤੇ ਕੇਸ ਦੀ ਸੁਣਵਾਈ 20 ਨਵੰਬਰ ਨੂੰ ਤੈਅ ਕੀਤੀ ਹੈ। ਅਦਾਲਤ ਨੇ ਕਿਹਾ ਕਿ ਸੀ ਬੀ ਆਈ ਦੀ ਮਰਿਆਦਾ ਤੇ ਲੋਕਾਂ ਦਾ ਭਰੋਸਾ ਬਣਾਈ ਰੱਖਣ ਲਈ ਸੀ ਵੀ ਸੀ ਦੀ ਰਿਪੋਰਟ ਗੁਪਤ ਰੱਖਣਾ ਜ਼ਰੂਰੀ ਹੈ। ਉਨ੍ਹਾਂ ਰਿਪੋਰਟ ਦੀ ਕਾਪੀ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਅਤੇ ਸੀ ਵੀ ਸੀ ਵੱਲੋਂ ਆਏ ਸੋਲਿਸਟਰ ਜਨਰਲ ਤੁਸ਼ਾਰ ਮਹਿਤਾ ਦੇ ਦਫ਼ਤਰ ਨੂੰ ਵੀ ਦੇਣ ਦੀ ਹਦਾਇਤ ਕੀਤੀ ਤੇ ਕਿਹਾ, 'ਅਸੀਂ ਇਸ ਸਮੇਂ ਕੇਂਦਰ ਸਰਕਾਰ ਜਾਂ ਕਿਸੇ ਹੋਰ ਨੂੰ ਸੀ ਵੀ ਸੀ ਰਿਪੋਰਟ ਉਤੇ ਜਵਾਬ ਦੇਣ ਨੂੰ ਨਹੀਂ ਕਹਾਂਗੇ।' ਉਨ੍ਹਾਂ ਵਿਸ਼ੇਸ਼ ਡਾਇਰੈਕਟਰ ਰਾਕੇਸ਼ ਅਸਥਾਨਾ ਦੇ ਵਕੀਲ ਵੱਲੋਂ ਸੀ ਵੀ ਸੀ ਰਿਪੋਰਟ ਦੀ ਕਾਪੀ ਦੇਣ ਦੀ ਮੰਗ ਰੱਦ ਕਰ ਦਿੱਤੀ।

ਆਲੋਕ ਵਰਮਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਐਫ ਐਸ ਨਰੀਮਨ ਨੇ ਅਦਾਲਤ ਨੂੰ ਦੱਸਿਆ ਕਿ ਸੀ ਬੀ ਆਈ ਡਾਇਰੈਕਟਰ ਰਿਪੋਰਟ ਉੱਤੇ ਆਪਣਾ ਜਵਾਬ 19 ਨਵੰਬਰ ਤੋਂ ਪਹਿਲਾਂ ਪਹਿਲਾਂ ਪੇਸ਼ ਕਰਨ ਦੀ ਕੋਸ਼ਿਸ਼ ਕਰਨਗੇ ਤਾਂ ਕਿ ਜਿਨ੍ਹਾਂ ਜਲਦੀ ਹੋਵੇ, ਨਿਬੇੜਾ ਹੋ ਜਾਵੇ। ਸੀ ਬੀ ਆਈ ਦੇ ਡਾਇਰੈਕਟਰ ਆਲੋਕ ਕੁਮਾਰ ਦੇ ਵਰਮਾ ਦੇ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਸੀ ਵੀ ਸੀ ਜਾਂਚ ਦੀ ਨਿਗਰਾਨੀ ਲਈ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਏ ਕੇ ਪਟਨਾਇਕ ਵੱਲੋਂ ਦਿੱਤੇ ਸਮੇਂ ਲਈ ਕੋਰਟ ਨੇ ਉਨ੍ਹਾਂ ਦਾ ਧੰਨਵਾਦ ਕੀਤਾ।

# ਪੰਚਕੂਲਾ ਨੇੜੇ ਇੱਕੋ ਪਰਵਾਰ ਦੇ ਚਾਰ ਜੀਆਂ ਦਾ ਕਤਲ

ਪੰਚਕੂਲਾ, 18 ਨਵੰਬਰ (ਪੋਸਟ ਬਿਊਰੋ)- ਹਰਿਆਣਾ ਦੇ ਪੰਚਕੂਲਾ ਜ਼ਿਲ੍ਹੇ ਦੇ ਪਿੰਡ ਖਟੌਲੀ ਵਿੱਚ ਇੱਕ ਪਰਵਾਰ ਦੇ ਚਾਰ ਜੀਆਂ ਦੀਆਂ ਲਾਸ਼ਾਂ ਘਰ ਦੇ ਇੱਕ ਕਮਰੇ ਵਿੱਚ ਖ਼ੂਨ ਨਾਲ ਲਥਪਥ ਮਿਲੀਆਂ ਹਨ। ਪਿੰਡ ਦੇ ਲੋਕਾਂ ਨੂੰ ਸਵੇਰੇ ਇਸ ਖ਼ੂਨੀ ਘਟਨਾ ਦਾ ਪਤਾ ਲੱਗਾ। ਕਾਤਲਾਂ ਨੇ ਰਾਜ ਬਾਲਾ (67) ਤੇ ਉਸ ਦੇ ਪੋਤਰਿਆਂ ਦਿਵਾਂਸ਼ (16) ਤੇ ਆਯੂਸ਼ (12) ਤੇ ਪੋਤਰੀ ਐਸ਼ਵਰਿਆ (17) ਦੇ ਗੋਲੀਆਂ ਮਾਰ ਕੇ ਮਾਰ ਦਿੱਤਾ। ਮ੍ਰਿਤਕ ਬੱਚਿਆਂ ਦੇ ਪਿਤਾ ਮਹਿੰਦਰ ਸਿੰਘ ਦੀ ਕੁਝ ਸਾਲ ਪਹਿਲਾਂ ਸ਼ੱਕੀ ਹਾਲਤ ਵਿੱਚ ਮੌਤ ਹੋ ਗਈ ਅਤੇ ਦਾਦੇ ਰਜਿੰਦਰ ਸਿੰਘ ਦੀ ਵੀ ਕੁਝ ਸਾਲ ਪਹਿਲਾਂ ਮੌਤ ਹੋ ਗਈ ਸੀ।

ਮਿਲੀ ਜਾਣਕਾਰੀ ਅਨੁਸਾਰ ਬੱਚਿਆਂ ਦਾ ਮਾਮਾ ਬਾਹਰਵਾਰ ਖੇਤਾਂ ਵਿੱਚ ਰਹਿੰਦਾ ਹੈ, ਸਵੇਰੇ ਦੁੱਧ ਦੇਣ ਆਇਆ ਤਾਂ ਜਦੋਂ ਦਰਵਾਜ਼ੇ ਨਾ ਖੁੱਲ੍ਹੇ ਤਾਂ ਉਹ ਵਾਪਸ ਚਲਾ ਗਿਆ। ਉਹ ਰੋਜ਼ ਦੁੱਧ ਦੇਣ ਆਉਂਦਾ ਸੀ ਅਤੇ ਸਵੇਰੇ ਘਰੋਂ ਚਾਹ ਬਣਾ ਕੇ ਖੇਤ ਵਿੱਚ ਲੈ ਜਾਂਦਾ ਸੀ। ਫਿਰ ਇਨ੍ਹਾਂ ਦੇ ਗੁਆਂਢ ਰਹਿੰਦੇ ਇੱਕ ਹੋਰ ਰਿਸ਼ਤੇਦਾਰ ਨੇ ਘਰ ਦੇ ਛੋਟੇ ਦਰਵਾਜ਼ੇ ਰਾਹੀਂ ਅੰਦਰ ਜਾ ਕੇ ਵੇਖਿਆ ਤਾਂ ਦੋ ਕਮਰਿਆਂ ਵਿੱਚ ਲਾਸ਼ਾਂ ਪਈਆਂ ਸਨ। ਇਸ ਬਾਰੇ ਬਰਵਾਲਾ ਚੌਕੀ ਇੰਚਾਰਜ ਰਿਸ਼ੀ ਪਾਲ



ਗੱਡੀ ਵਿਚ ਲਾਸ਼ਾਂ ਲਿਜਾਂਦੀ ਪੁਲਸ।



ਮ੍ਰਿਤਕਾਂ ਦੀਆਂ ਫਾਇਲ ਫੋਟੋਆਂ।

ਨੇ ਸੂਚਨਾ ਦਿੱਤੀ ਤੇ ਥੋੜ੍ਹੀ ਦੇਰ ਬਾਅਦ ਚੰਡੀਮੰਦਰ ਪੁਲਸ ਸਟੇਸ਼ਨ ਦੇ ਐਸ ਐਚ ਓ ਨਵੀਨ ਮੌਕੇ 'ਤੇ ਪਹੁੰਚੇ।

ਪੰਚਕੂਲਾ ਦੇ ਪੁਲਸ ਕਮਿਸ਼ਨਰ ਚਾਰੂਬਾਲੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਹਮਲਾਵਰਾਂ ਨੇ ਮ੍ਰਿਤਕਾਂ ਦੇ ਸਿਰ ਵਿੱਚ ਗੋਲੀਆਂ ਮਾਰੀਆਂ ਹਨ ਤੇ ਪੁਲਸ ਕਈ ਪੱਖਾਂ ਤੋਂ ਜਾਂਚ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਵੱਡਾ ਜ਼ਿਮੀਂਦਾਰ ਪਰਵਾਰ ਹੋਣ ਕਰ ਕੇ ਜਾਇਦਾਦ ਦੇ ਪੱਖ ਤੋਂ ਵੀ ਜਾਂਚ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਪੁਲਸ ਅਭਿਸ਼ੇਕ ਜੋਰਵਾਲ ਨੇ ਦੱਸਿਆ ਕਿ ਹਮਲਾਵਰਾਂ ਨੇ ਕਿਸੇ ਕਿਸਮ ਦੀ ਲੁੱਟ ਨਹੀਂ ਕੀਤੀ। ਪੀੜਤ ਪਰਵਾਰ ਦੀ ਇੱਕ ਬੱਚੀ ਰਹਿ ਗਈ ਹੈ, ਜੋ ਭੂਆ ਕੋਲ ਰਹਿੰਦੀ ਹੈ। ਇਹ ਵੀ ਦੇਖਿਆ ਗਿਆ ਕਿ ਇਸ ਘਰ ਦਾ ਪਾਲਤੂ ਕੁੱਤਾ ਬੇਸੁਧ ਪਿਆ ਸੀ।

## ਇਕ ਕਿਲੋਮੀਟਰ ਲੰਬੀ ਨਹਿਰ ਖ਼ੁਦ ਬਣਾਈ, 10 ਹਜ਼ਾਰ ਏਕੜ ਦੀ ਸਿੰਜਾਈ ਕੀਤੀ

ਬੇਰਮੋ, 18 ਨਵੰਬਰ (ਪੋਸਟ ਬਿਊਰੋ)- ਝਾਰਖੰਡ ਦੀ ਚੁੱਟੇ ਗ੍ਰਾਮ ਪੰਚਾਇਤ ਦੇ ਲੋਕਾਂ ਨੇ ਸਾਂਝ ਦੀ ਸ਼ਾਨਦਾਰ ਮਿਸਾਲ ਪੇਸ਼ ਕੀਤੀ ਹੈ। ਕਰੀਬ 1000 ਨੌਜਵਾਨਾਂ ਨੇ ਟੋਲੀ ਬਣਾ ਕੇ ਯੋਗਦਾਨ ਦਿੱਤਾ ਅਤੇ ਬੇਕਾਰ ਜਾਂਦਾ ਪਾਣੀ ਨਹਿਰ ਦੇ ਜ਼ਰੀਏ ਸੁੱਕੇ ਖੇਤਾਂ ਤੱਕ ਪਹੁੰਚਾ ਦਿੱਤਾ। ਉਨ੍ਹਾਂ ਨੇ ਇਕ ਕਿਲੋਮੀਟਰ ਲੰਬੀ ਨਹਿਰ ਬਣਾਈ। ਇਹ ਨਹਿਰ ਇਲਾਕੇ ਦੀ 10 ਹਜ਼ਾਰ ਏਕੜ ਖੇਤੀ ਯੋਗ ਭੂਮੀ ਦੀ ਪਿਆਸ ਬੁਝਾ ਰਹੀ ਹੈ।



ਬੋਕਾਰੋ ਦੇ ਬੇਰਮੋ ਇਲਾਕੇ ਵਿੱਚ ਝੁਮਰਾ ਪਹਾੜ ਦੀ ਤਲਹਟੀ ਵਿੱਚ ਚੁੱਟੇ ਪਿੰਡ ਵੱਸਿਆ ਹੈ। ਪਹਾੜੀ ਨਾਲੇ ਦੇ ਪਾਣੀ ਨੂੰ ਖੇਤਾਂ ਤੱਕ ਪੁਚਾਉਣ ਦਾ ਬੀੜਾ ਪਿੰਡ ਦੇ ਨੌਜਵਾਨਾਂ ਨੇ ਚੁੱਕਿਆ। ਉਨ੍ਹਾਂ ਨੇ ਬੇਕਾਰ ਵਹਿੰਦੇ ਪਾਣੀ ਨੂੰ ਖੇਤਾਂ ਤੱਕ ਪਹੁੰਚਾਉਣ ਲਈ ਇਕ ਕਿਲੋਮੀਟਰ ਲੰਬੀ ਨਹਿਰ ਬਣਾਉਣ ਦੀ ਯੋਜਨਾ ਬਣਾਈ। ਪਹਿਲਾਂ ਪਹਾੜ ਤੋਂ ਨਿਕਲੇ ਅੰਬਾ ਨਾਲਾ ਦੇ ਪਾਣੀ ਨੂੰ ਨਾਲੀ ਬਣਾ ਕੇ ਵੱਡੇ ਤਾਲਾਬ ਵਿੱਚ ਪਾਇਆ। ਫਿਰ ਇਕ ਤਾਲਾਬ ਤੋਂ ਨਹਿਰ ਕੱਢ ਕੇ ਇਸ ਨੂੰ ਖੇਤਾਂ ਤੱਕ ਲੈ ਗਏ। ਨਹਿਰ ਜ਼ਿਆਦਾ ਚੌੜੀ ਨਹੀਂ, ਪਰ ਪੰਚਾਇਤ ਦੀ 10 ਹਜ਼ਾਰ ਏਕੜ ਜ਼ਮੀਨ 'ਤੇ ਹਰਿਆਲੀ ਦੀ ਚਾਦਰ ਵਿਛਾ ਚੁੱਕੀ ਹੈ।

ਪੰਚਾਇਤ ਦੇ ਦਨਰਾ, ਧਮਧਰਵਾ, ਅੰਬਾਟੋਲਾ, ਚਿਰੈਂਯਾਟਾਂਡ, ਚੁੱਟੇ, ਸ੍ਰੀਨਗਰ, ਪਿਪਰਾਬਾਦ, ਕੁਰਕੁਟੀਆ, ਸ਼ਸ਼ਤਰੀ ਨਗਰ, ਖਰਨਾ ਤੇ ਸੇਵਈ ਪਿੰਡ ਵਿੱਚ ਸਿੰਚਾਈ ਦੀ ਪੁਖਤਾ ਵਿਵਸਥਾ ਨਹੀਂ ਸੀ। ਤਦ ਪਿੰਡ ਵਾਸੀਆਂ ਨੇ ਖੁਦ ਕੁਝ ਕਰਨ ਦਾ ਫੈਸਲਾ ਲਿਆ। ਯੋਜਨਾ ਬਣਾਈ ਗਈ, ਪਰ ਅਮਲ ਆਸਾਨ ਨਹੀਂ ਸੀ। ਮਜ਼ਦੂਰਾਂ ਨੂੰ ਲਾਉਂਦੇ ਤਾਂ ਵੱਡਾ ਖਰਚ ਚੁੱਕਣਾ ਪੈਂਦਾ। ਤੈਅ ਕੀਤਾ ਕਿ ਸਾਰੇ ਮਿਲ ਕੇ ਮਜ਼ਦੂਰੀ ਕਰਨਗੇ। ਇਕ ਹਜ਼ਾਰ ਨੌਜਵਾਨਾਂ ਨੇ ਸੌ-ਸੌ ਦੀ ਟੋਲੀ ਬਣਾ ਕੇ 10-10 ਦਿਨ ਕੰਮ ਕਰਨ ਦਾ ਫੈਸਲਾ ਕੀਤਾ। ਹੁਣ ਇਥੋਂ ਦੇ ਕਿਸਾਨਾਂ ਦੇ ਖੇਤਾਂ ਨੂੰ ਪਾਣੀ ਮਿਲ ਰਿਹਾ ਹੈ।

## ਵਸੁੰਧਰਾ ਰਾਜੇ ਵਿਰੁੱਧ ਕਾਂਗਰਸ ਵੱਲੋਂ ਭਾਜਪਾ ਦੇ ਸਾਬਕਾ ਵਿਦੇਸ਼ ਮੰਤਰੀ ਦਾ ਮੁੰਡਾ ਚੋਣ ਲੜੇਗਾ

ਜੈਪੁਰ, 18 ਨਵੰਬਰ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਨੇ ਰਾਜਸਥਾਨ ਵਿਧਾਨ ਸਭਾ ਚੋਣਾਂ ਲਈ ਆਪਣੇ ਉਮੀਦਵਾਰਾਂ ਦੀ ਦੂਜੀ ਸੂਚੀ ਸ਼ਨੀਵਾਰ ਨੂੰ ਜਾਰੀ ਕੀਤੀ ਤਾਂ ਇਸ ਵਿਚ ਹੈਰਾਨ ਕਰਨ ਵਾਲਾ ਨਾਂ ਮਾਨਵਿੰਦਰ ਸਿੰਘ ਹੈ, ਜਿਸ ਨੂੰ ਪਾਰਟੀ ਨੇ ਝਾਲਰਾਪਾਟਨ ਸੀਟ ਉੱਤੇ ਮੁੱਖ ਮੰਤਰੀ ਵਸੁੰਧਰਾ ਰਾਜੇ ਦੇ ਵਿਰੁੱਧ ਮੈਦਾਨ ਉਤਾਰਿਆ ਹੈ।



ਵਸੁੰਧਰਾ ਰਾਜੇ

ਵਰਨਣ ਯੋਗ ਹੈ ਕਿ ਭਾਜਪਾ ਨੇਤਾ ਅਤੇ ਸਾਬਕਾ ਵਿਦੇਸ਼ ਮੰਤਰੀ ਜਸਵੰਤ ਸਿੰਘ ਦੇ ਪੁੱਤਰ ਮਾਨਵਿੰਦਰ ਸਿੰਘ ਕੁਝ ਚਿਰ ਤੋਂ ਭਾਜਪਾ ਨਾਲ ਨਾਰਾਜ਼ ਸਨ ਅਤੇ ਪਿਛਲੇ ਮਹੀਨੇ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ। ਕਾਂਗਰਸ ਨੇ ਮਾਨਵਿੰਦਰ ਸਿੰਘ ਨੂੰ ਉਮੀਦਵਾਰ ਬਣਾ ਕੇ ਸਿਆਸੀ ਪੱਖ ਤੋਂ ਹਲ-ਚਲ ਪੈਦਾ ਕਰ ਦਿੱਤੀ ਹੈ। ਹਾਲੇ ਤਕ ਇਹ ਕਿਹਾ ਜਾ ਰਿਹਾ ਸੀ ਕਿ ਪਾਰਟੀ ਉਨ੍ਹਾਂ ਨੂੰ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਲਈ ਬਚਾ ਕੇ ਰੱਖੇਗੀ।

ਉਮੀਦਵਾਰ ਬਣਾਏ ਜਾਣ ਪਿੱਛੋਂ ਮਾਨਵਿੰਦਰ ਸਿੰਘ ਨੇ ਕਿਹਾ ਕਿ ਰਾਹੁਲ ਗਾਂਧੀ ਤੇ ਕੇਂਦਰੀ ਚੋਣ ਕਮੇਟੀ ਵੱਲੋਂ ਮੇਰੇ ਉੱਤੇ ਭਰੋਸਾ ਜਤਾਉਣ ਲਈ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ, ਇਹ ਇੱਕ ਚੁਣੌਤੀ ਹੈ, ਮੈਂ ਪ੍ਰਵਾਨ ਕਰਦਾ ਹਾਂ। ਉਨ੍ਹਾਂ ਕਿਹਾ ਕਿ ਇਹ ਪਹਿਲਾਂ ਤੈਅ ਨਹੀਂ ਸੀ, ਪਾਰਟੀ ਨੇ ਅਚਾਨਕ ਮੈਨੂੰ ਇਹ ਜ਼ਿੰਮੇਵਾਰੀ ਦਿੱਤੀ ਹੈ, ਜਿਸ ਨੂੰ ਮੈਂ ਪੂਰੀ ਤਰ੍ਹਾਂ ਨਿਭਾਵਾਂਗਾ।

# ਅਜੈ ਚੌਟਾਲਾ ਵੱਲੋਂ ਨਵੀਂ ਪਾਰਟੀ ਦਾ ਹੋਕਾ, 9 ਦਸੰਬਰ ਨੂੰ ਨਿਆਂ ਯੁੱਧ ਛੇੜਨ ਦਾ ਐਲਾਨ

ਜੀਂਦ, 18 ਨਵੰਬਰ, (ਪੋਸਟ ਬਿਊਰੋ)- ਹਰਿਆਣਾ ਦਾ ਵੱਡਾ ਸਿਆਸੀ ਘਰਾਣਾ ਕਹੇ ਜਾ ਰਹੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦਾ ਕੋੜਮਾ ਸ਼ਨਿਚਰਵਾਰ ਨੂੰ ਦੋ ਥਾਂਈਂ ਵੰਡਿਆ ਗਿਆ। ਰਾਜਨੀਤਕ ਵਿਰਾਸਤ ਦੀ ਜੰਗ ਦੌਰਾਨ ਇਨੈਲੋ ਪਾਰਟੀ ਤੋਂ ਕੱਢੇ ਗਏ ਚੀਫ ਜਨਰਲ ਸਕੱਤਰ ਤੇ ਸਾਬਕਾ ਪਾਰਲੀਮੈਂਟ ਮੈਂਬਰ ਅਜੈ ਚੌਟਾਲਾ ਨੇ ਅੱਜ ਜੀਂਦ ਵਿੱਚ ਆਪਣੇ ਸਮਰਥਕਾਂ ਸਮੇਤ ਇਨੈਲੋ ਤੋਂ ਨਾਤਾ ਤੋੜ ਕੇ ਵੱਖਰੀ ਪਾਰਟੀ ਬਣਾਉਣ ਦਾ ਐਲਾਨ ਕਰ ਦਿੱਤਾ ਹੈ।

ਅੱਜ ਏਥੇ ਇੱਕ ਰੈਲੀ ਦੌਰਾਨ ਓਮ ਪ੍ਰਕਾਸ਼ ਚੌਟਾਲਾ ਦੇ ਵੱਡੇ ਪੁੱਤਰ ਅਜੈ ਚੌਟਾਲਾ ਨੇ ਸਾਫ ਕੀਤਾ ਕਿ ਉਹ ਆਪਣੇ ਛੋਟੇ ਭਰਾ ਬਿੱਲੂ (ਅਭੈ ਸਿੰਘ ਚੌਟਾਲਾ) ਨੂੰ ਤੋਹਫੇ ਵਜੋਂ ਇਨੈਲੋ ਪਾਰਟੀ ਅਤੇ 'ਐਨਕ' ਦਾ ਚੋਣ



ਨਿਸ਼ਾਨ ਭੇਟ ਕਰਦੇ ਹਨ, ਉਹ ਇਨ੍ਹਾਂ ਨੂੰ ਸੰਭਾਲ ਕੇ ਰੱਖਣ, ਅੱਗੇ ਤੋਂ ਨਵੇਂ ਝੰਡੇ ਨਾਲ ਨਵਾਂ ਡੰਡਾ ਅਤੇ ਨਵਾਂ ਨਿਸ਼ਾਨ ਹੋਵੇਗਾ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਚੌਧਰੀ ਦੇਵੀ ਲਾਲ ਨੇ 23 ਮਾਰਚ 1987 ਨੂੰ ਜੀਂਦ ਦੇ ਇਸੇ ਮੈਦਾਨ ਤੋਂ ਅਨਿਆਂ ਦੇ ਖ਼ਿਲਾਫ਼ ਨਿਆਂ ਯੁੱਧ ਆਰੰਭ ਕੀਤਾ ਸੀ, ਉਸੇ ਤਰ੍ਹਾਂ ਇਸੇ ਧਰਤੀ ਤੋਂ 9 ਦਸੰਬਰ ਨੂੰ ਨਿਆਂ ਯੁੱਧ ਸ਼ੁਰੂ ਹੋਵੇਗਾ ਤੇ ਉਸੇ ਦਿਨ ਨਵੀਂ ਪਾਰਟੀ ਦਾ ਐਲਾਨ ਹੋਵੇਗਾ। ਇਨੈਲੋ ਛੱਡਣ ਦਾ ਐਲਾਨ ਕਰਨ ਵੇਲੇ ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਕਾਨੂੰਨੀ ਲੜਾਈ ਦਾ ਰਾਹ ਸੀ, ਪਰ ਸਾਥੀਆਂ ਨੇ ਕਿਹਾ ਕਿ ਐਵੇਂ ਇਸ ਵਿੱਚ ਨਾ ਉਲਝਿਆ ਜਾਵੇ, ਇਹ ਲੰਬੀ ਪ੍ਰਕਿਰਿਆ ਹੈ।

ਆਪਣੇ ਬਾਪ ਅਜੈ ਚੌਟਾਲਾ ਤੋਂ ਪਹਿਲਾਂ ਪਾਰਲੀਮੈਂਟ ਮੈਂਬਰ ਦੁਸ਼ਿਅੰਤ ਚੌਟਾਲਾ ਨੇ ਕਿਹਾ ਕਿ ਸਾਨੂੰ ਚੋਣਵੇਂ ਲੋਕਾਂ ਨੇ ਪਾਰਟੀ ਵਿੱਚੋਂ ਕੱਢਿਆ ਹੈ, ਇਸ ਲਈ ਪਾਰਟੀ ਵਿੱਚ ਮੁੜਨ ਦਾ ਮਨ ਹੀ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਦਾਦਾ ਓਮ ਪ੍ਰਕਾਸ਼ ਚੌਟਾਲਾ ਨੂੰ ਆਦਰਸ਼ ਮੰਨ ਕੇ ਉਨ੍ਹਾਂ ਦਾ ਸੰਘਰਸ਼ ਜਾਰੀ ਰੱਖਾਂਗੇ।

ਇਸ ਤੋਂ ਪਹਿਲਾਂ ਦੀਪ ਪੈਲੇਸ ਵਿੱਚ ਅਜੈ ਚੌਟਾਲਾ ਵੱਲੋਂ ਸੱਦੀ ਇਨੈਲੋ ਕਾਰਜਕਾਰਨੀ ਦੀ ਮੀਟਿੰਗ ਦੌਰਾਨ ਪਾਰਟੀ ਦੇ ਅਹੁਦੇਦਾਰਾਂ ਨੇ ਸਰਬ ਸੰਮਤੀ ਨਾਲ ਇੱਕ ਮਤਾ ਪਾਸ ਕਰ ਕੇ ਡਾ. ਅਜੈ ਸਿੰਘ ਚੌਟਾਲਾ, ਦੁਸ਼ਿਅੰਤ ਸਿੰਘ ਤੇ ਦਿਗਵਿਜੈ ਚੌਟਾਲਾ ਨੂੰ ਪਾਰਟੀ ਤੋਂ ਕੱਢਣ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ। ਮੀਟਿੰਗ ਵਿੱਚ ਵਿਧਾਇਕ ਰਾਜਦੀਪ ਫੌਗਟ, ਵਿਧਾਇਕ ਅਨੂਪ ਧਾਨਕ, ਵਿਧਾਇਕ ਨੈਨਾ ਸਿੰਘ ਚੌਟਾਲਾ, ਇਨਸੋ ਦੇ ਕੌਮੀ ਪ੍ਰਧਾਨ ਦਿਗਵਿਜੈ ਸਿੰਘ ਹਾਜ਼ਰ ਸਨ।

ਦੂਸਰੇ ਪਾਸੇ ਹਰਿਆਣਾ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਅਭੈ ਸਿੰਘ ਚੌਟਾਲਾ ਪਾਰਟੀ ਦੇ 18 ਵਿਚੋਂ 14 ਵਿਧਾਇਕਾਂ ਨੂੰ ਆਪਣੇ ਨਾਲ ਪੇਸ਼ ਕਰਨ ਵਿੱਚ ਸਫਲ ਰਹੇ। ਸ਼ਨਿਚਰਵਾਰ ਨੂੰ ਜਾਟ ਭਵਨ ਵਿੱਚ ਕਾਰਜਕਾਰਨੀ ਮੀਟਿੰਗ ਵਿੱਚ ਵਿਧਾਇਕਾਂ ਤੇ ਸੰਗਠਨ ਨੂੰ ਆਪਣੇ ਨਾਲ ਖੜ੍ਹਾ ਕਰ ਕੇ ਅਭੈ ਨੇ ਆਪਣੀ ਤਾਕਤ ਦਿਖਾਈ ਤੇ ਆਪਣੇ ਵੱਡੇ ਭਰਾ ਅਜੈ ਸਿੰਘ ਚੌਟਾਲਾ, ਭਰਜਾਈ ਨੈਨਾ ਸਿੰਘ ਚੌਟਾਲਾ ਅਤੇ ਭਤੀਜੇ ਦੁਸ਼ਿਅੰਤ ਚੌਟਾਲਾ 'ਤੇ ਟਿੱਪਣੀਆਂ ਕੀਤੀਆਂ।

## ਝਗੜੇ ਦੇ ਕੇਸ ਵਿੱਚ ਦੋਸਤ ਦਾ ਨਾਮ ਲਿਖਾ ਕੇ ਤਿੰਨ ਸਾਲ ਤਰੀਕਾਂ ਖੁਦ ਭੁਗਤਦਾ ਰਿਹਾ

### * ਪਾਸਪੋਰਟ ਬਣਾਉਣ ਵੇਲੇ ਦੋਸਤ ਨੂੰ ਭੇਦ ਦਾ ਪਤਾ ਲੱਗਾ

ਖਰਖੌਦਾ, 18 ਨਵੰਬਰ (ਪੋਸਟ ਬਿਊਰੋ)- ਇੱਕ ਵਿਅਕਤੀ ਉੱਤੇ ਝਗੜੇ ਦਾ ਕੇਸ ਦਰਜ ਹੋਣ ਲੱਗਾ ਤਾਂ ਪੁਲਸ ਨੇ ਉਸ ਦਾ ਨਾਮ ਪਤਾ ਪੁੱਛਿਆ। ਉਸ ਨੇ ਇਕ ਦੋਸਤ ਮਨੀਸ਼ ਦਾ ਨਾਮ ਅਤੇ ਪਤਾ ਦੱਸ ਦਿੱਤਾ। ਪੁਲਸ ਨੇ ਬਿਨਾਂ ਪੜਤਾਲ ਕੀਤੇ ਓਸੇ ਡਿਟੇਲ ਦੇ ਹਿਸਾਬ ਨਾਲ ਕਰੀਬ ਤਿੰਨ ਸਾਲ ਪਹਿਲਾ ਖਰਖੌਦਾ ਥਾਣੇ ਵਿੱਚ ਕੇਸ ਦਰਜ ਕਰ ਦਿੱਤਾ। ਦੋਸ਼ੀ ਨੇ ਦੋਸਤ ਦੇ ਨਾਮ ਨਾਲ ਹੀ ਜ਼ਮਾਨਤ ਕਰਵਾਈ ਅਤੇ ਅਦਾਲਤ ਵਿੱਚ ਤਰੀਕਾਂ ਭੁਗਤਦਾ ਰਿਹਾ। ਭੇਦ ਓਦੋਂ ਖੁੱਲ੍ਹਾ, ਜਦੋਂ ਰੋਹਤਕ ਦਾ ਮਨੀਸ਼ ਆਪਣਾ ਪਾਸਪੋਰਟ ਬਣਵਾਉਣ ਲੱਗਾ ਤੇ ਪੁਲਸ ਵੈਰੀਫਿਕੇਸ਼ਨ ਵਿੱਚ ਪਤਾ ਲੱਗਾ ਕਿ ਉਸ ਦੇ ਖਿਲਾਫ ਕੇਸ ਦਰਜ ਹੈ। ਉਸ ਨੇ ਪਤਾ ਕਰਵਾਇਆ ਤਾਂ ਜਾਣਕਾਰੀ ਮਿਲੀ ਕਿ ਸ਼ੇਰ ਵਿਹਾਰ ਕਾਲੋਨੀ, ਰੋਹਤਕ ਦਾ ਮਨਜੀਤ ਉਕਤ ਕੇਸ ਵਿੱਚ ਥਾਣਾ ਖਰਖੋਦਾ ਪੁਲਸ ਨੇ ਗ੍ਰਿਫਤਾਰ ਕੀਤਾ ਸੀ। ਉਸ ਨੇ ਪਛਾਣ ਲੁਕਾ ਕੇ ਉਸ ਦਾ ਨਾਮ ਲਿਖਵਾ ਦਿੱਤਾ ਸੀ।

ਮਨੀਸ਼ ਦੀ ਸ਼ਿਕਾਇਤ 'ਤੇ ਪੁਲਸ ਨੇ ਮਨਜੀਤ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਖਰਖੌਦਾ ਦੇ ਥਾਣਾ ਮੁਖੀ



ਰਾਜੀਵ ਕੁੰਡੂ ਨੇ ਦੱਸਿਆ ਕਿ ਝਗੜੇ ਦਾ ਕੇਸ ਸਾਲ 2015 ਵਿੱਚ ਹੋਇਆ ਤਾਂ ਗ੍ਰਿਫਤਾਰ ਦੋਸ਼ੀ ਨੇ ਨਾਮ ਬਦਲ ਕੇ ਦੱਸ ਦਿੱਤਾ ਸੀ। ਦੋ ਨੌਜਵਾਨਾਂ ਨੇ ਗ੍ਰਿਫਤਾਰੀ ਵੇਲੇ ਦੋਸ਼ੀ ਦੀ ਸ਼ਨਾਖਤ ਕੀਤੀ ਤੇ ਗਵਾਹੀ ਵੀ ਬਦਲੇ ਹੋਏ ਨਾਮ ਦੀ ਦੇ ਦਿੱਤੀ, ਜਿਸ ਕਾਰਨ ਮਨੀਸ਼ ਦੇ ਨਾਮ ਨਾਲ ਕੇਸ ਦਰਜ ਹੋ ਗਿਆ। ਝੂਠੀ ਸ਼ਨਾਖਤ ਕਰਨ ਵਾਲੇ ਤੇ ਗਵਾਹੀ ਦੇਣ ਵਾਲਾ ਵੀ ਇਸ ਸਾਜ਼ਿਸ਼ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਦੋਵਾਂ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ।

## ਬਿਹਾਰ ਵਿੱਚ ਸਪਨਾ ਚੌਧਰੀ ਦੇ ਪ੍ਰੋਗਰਾਮ ਵੇਲੇ ਭਾਜੜ, ਇਕ ਮੌਤ

ਨਵੀਂ ਦਿੱਲੀ, 18 ਨਵੰਬਰ (ਪੋਸਟ ਬਿਊਰੋ)- ਬਿਹਾਰ 'ਚ ਇਕ ਸਟੇਜ ਸ਼ੋਅ ਮੌਕੇ ਭੱਜ ਦੌੜ ਮਚਣ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋਣ ਦੀ ਖਬਰ ਆਈ ਹੈ। ਮਿਲੀ ਜਾਣਕਾਰੀ ਅਨੁਸਾਰ ਹਰਿਆਣਾ ਦੀ ਪ੍ਰਸਿੱਧ ਡਾਂਸਰ ਸਪਨਾ ਚੌਧਰੀ ਦਾ ਬਿਹਾਰ ਦੇ ਬੇਗੁਸਰਾਏ ਵਿੱਚ ਇਕ ਸਟੇਜ ਸ਼ੋਅ ਸੀ। ਸਪਨਾ ਚੌਧਰੀ ਨੇ ਜਦੋਂ ਗੀਤ ਪੇਸ਼ ਕੀਤੇ ਤਾਂ ਭਗਦੜ ਮਚਣ ਨਾਲ ਇਕ ਨੌਜਵਾਨ ਦੀ ਮੌਤ ਹੋ ਗਈ ਤੇ ਕਈ ਹੋਰ ਜ਼ਖਮੀ ਹੋ ਗਏ। ਦੱਸਿਆ ਗਿਆ ਹੈ ਕਿ ਸ਼ੋਅ ਦੌਰਾਨ ਉਥੇ ਭੀੜ ਬੇਕਾਬੂ ਹੋ ਗਈ ਤੇ ਲੋਕ ਪੰਡਾਲ 'ਤੇ ਚੜ੍ਹਨ ਲੱਗ ਪਏ, ਜਿਸ ਕਾਰਨ ਸਟੇਜ ਡਿੱਗ ਗਿਆ ਤੇ ਪੁਲਸ ਨੂੰ ਲਾਠੀਚਾਰਜ ਕਰਨਾ ਪਿਆ। ਇਸ ਪਿੱਛੋਂ ਭੱਜ ਦੌੜ ਮਚਣ ਨਾਲ ਇਕ ਨੌਜਵਾਨ ਦੀ ਮੌਤ ਤੇ ਕਈ ਲੋਕ ਜ਼ਖਮੀ ਹੋ ਗਏ। ਇਸ ਵਜ੍ਹਾ ਕਾਰਨ ਸ਼ੋਅ ਬੰਦ ਕਰਨਾ ਪਿਆ।

◆ Insurance ◆
Punjab Insurance Inc
• Super Visa Insurance
• Life Insurance
• Disability Insurance
• Critical illness Insurance
• Mortgage Insurance
• RRSP (Retirement Plan)
• RESP (Education Plan)
• Visitor Insurance
• Health and Dental Plans..
• Travel Insurance
• Segregated Funds, TFSA

Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training
Forklift $79
Air Brake
Truck Driving Course
○ Counter Balance ○ Order Picker
○ Raymond Reach ○ Walkie
○ Cheery Picker
AIR BRAKES CLASSES EVERY WED - THURS & SAT - SUN
Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9


BANKRUPTCY, PROPOSAL, R9.........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9



## ਵਿਕੀਲੀਕਸ ਦੇ ਮੋਢੀ ਜੂਲੀਅਨ ਅਸਾਂਜ ਉੱਤੇ ਦੋਸ਼ ਤੈਅ



ਵਾਸ਼ਿੰਗਟਨ, 18 ਨਵੰਬਰ (ਪੋਸਟ ਬਿਊਰੋ)- ਵਿਕੀਲੀਕਸ ਦੇ ਮੋਢੀ ਜੂਲੀਅਨ ਅਸਾਂਜੇ ਖਿਲਾਫ ਅਮਰੀਕਾ 'ਚ ਇਕ ਕੇਸ ਵਿੱਚ ਦੋਸ਼ ਤੈਅ ਕੀਤੇ ਗਏ ਹਨ। ਸਮਝਿਆ ਜਾਂਦਾ ਹੈ ਕਿ ਨਵੇਂ ਘਟਨਾ ਚੱਕਰ 'ਚ ਇਸ ਕੇਸ ਦਾ ਸਬੰਧ ਵਿਸ਼ੇਸ਼ ਵਕੀਲ ਰਾਬਰਟ ਮੁਲਰ ਦੀ ਜਾਂਚ ਨਾਲ ਹੋ ਸਕਦਾ ਹੈ। ਇਸ ਜਾਂਚ 'ਚ ਹੀ ਦੋਸ਼ ਲਗਾਇਆ ਗਿਆ ਸੀ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੋਣਾਂ 'ਚ ਰੂਸੀਆਂ ਨੇ ਦਖਲ ਦਿੱਤਾ ਹੈ।

ਸਾਲ 2010 ਵਿੱਚ ਵਿਕੀਲੀਕਸ ਦੇ ਸਨਸਨੀਖੇਜ਼ ਅਮਰੀਕੀ ਦਸਤਾਵੇਜ਼ਾਂ ਦੇ ਜ਼ਾਹਰ ਕਰਨ 'ਤੇ ਅਸਾਂਜੇ ਅਮਰੀਕਾ ਦੇ ਨਿਸ਼ਾਨੇ 'ਤੇ ਆਏ ਸਨ, ਜਦੋਂ ਜੂਲੀਅਨ ਅਸਾਂਜੇ 'ਤੇ ਅਮਰੀਕੀ ਅਦਾਲਤ 'ਚ ਦੋਸ਼ ਲਾਏ ਗਏ ਹਨ। ਅਮਰੀਕੀ ਕੋਰਟ 'ਚ ਸਰਕਾਰੀ ਵਕੀਲ ਨੇ ਕਿਸੇ ਦੂਜੇ ਕੇਸ ਦੇ ਦਸਤਾਵੇਜ਼ ਪੇਸ਼ ਕਰਦਿਆਂ ਸੀਲਬੰਦ ਲਿਫਾਫੇ ਵਿੱਚ ਅਸਾਂਜੇ ਖਿਲਾਫ ਦੋਸ਼ ਪੱਤਰ ਪੇਸ਼ ਕੀਤਾ। ਵਿਕੀਲੀਕਸ ਦਾ ਖਿਆਲ ਹੈ ਕਿ ਅਮਰੀਕਾ 'ਚ ਅਸਾਂਜੇ ਦੇ ਖਿਲਾਫ ਦੋਸ਼ਾਂ ਦਾ ਵਿਸ਼ੇਸ਼ ਵਕੀਲ ਰਾਬਰਟ ਮੁਲਰ ਦੀ ਜਾਂਚ ਨਾਲ ਵਾਸਤਾ ਹੋ ਸਕਦਾ ਹੈ। ਬੀਤੀ ਜੁਲਾਈ 'ਚ ਮੁਲਰ ਨੇ 12 ਰੂਸੀ ਜਾਸੂਸਾਂ 'ਤੇ ਡੈਮੋਕ੍ਰੇਟਿਕ ਨੈਸ਼ਨਲ ਕਮੇਟੀ ਦੇ ਕੰਪਿਊਟਰ ਹੈਕ ਕਰਨ ਦਾ ਦੋਸ਼ ਲਾਇਆ ਸੀ। ਇਨ੍ਹਾਂ ਲੋਕਾਂ ਨੇ ਸੰਗਠਨ ਦਾ ਡਾਟਾ ਚੋਰੀ ਕੀਤਾ ਤੇ ਅਮਰੀਕੀ ਰਾਸ਼ਟਰਪਤੀ ਚੋਣ ਨੂੰ ਪ੍ਰਭਾਵਿਤ ਕਰਨ ਲਈ ਉਨ੍ਹਾਂ ਨੂੰ ਵੱਖ-ਵੱਖ ਸਮੇਂ ਉਤੇ ਪ੍ਰਕਾਸ਼ਿਤ ਕਰਵਾਇਆ ਸੀ। ਇਸ ਲਈ ਹੀ ਵਿਕੀਲੀਕਸ ਨੇ ਟਵਿਟਰ 'ਤੇ ਦੱਸਿਆ ਕਿ ਸਰਕਾਰੀ ਵਕੀਲ ਕੇਲਨ ਡਾਇਰ ਨੇ ਅਦਾਲਤ 'ਚ ਅਸਾਂਜੇ ਖਿਲਾਫ ਉਦੋਂ ਦੋਸ਼ ਪੱਤਰ ਦਾਖਲ ਕੀਤਾ, ਜਦੋਂ ਉਹ ਕਿਸੇ ਹੋਰ ਕੇਸ ਲਈ ਦਸਤਾਵੇਜ਼ ਪੇਸ਼ ਕਰ ਰਹੇ ਸਨ। ਅਸਾਂਜੇ ਖਿਲਾਫ ਕੀ ਦੋਸ਼ ਲਗਾਏ ਗਏ ਹਨ, ਇਸ ਦੀ ਸੂਚਨਾ ਨਹੀਂ ਹੈ। ਵਿਕੀਲੀਕਸ ਨੇ ਟਵਿਟਰ 'ਤੇ ਲਿਖਿਆ ਹੈ, ਅਮਰੀਕਾ ਦੇ ਜਸਟਿਸ ਡਿਪਾਰਟਮੈਂਟ ਨੇ ਗਲਤੀ ਨਾਲ ਵਿਕੀਲੀਕਸ ਦੇ ਮੋਢੀ ਜੂਲੀਅਨ ਅਸਾਂਜੇ ਖਿਲਾਫ ਸੀਲਬੰਦ ਦੋਸ਼ਾਂ ਨੂੰ ਪੇਸ਼ ਕਰ ਦਿੱਤਾ, ਜਿਹੜਾ ਮੰਨਿਆ ਜਾ ਰਿਹਾ ਹੈ ਕਿ ਕਿਸੇ ਦੂਜੇ ਮਾਮਲੇ 'ਚ ਕੱਟ ਐਂਡ ਪੇਸਟ ਦੀ ਗਲਤੀ ਵੀ ਹੋ ਸਕਦੀ ਹੈ।

## ਅਮਰੀਕਾ ਤੋਂ ਭਾਰਤ ਐਮ ਐਚ-60 ਰੋਮੀਓ ਹੈਲੀਕਾਪਟਰ ਖਰੀਦ ਕਰਨ ਲੱਗਾ



ਵਾਸ਼ਿੰਗਟਨ, 18 ਨਵੰਬਰ (ਪੋਸਟ ਬਿਊਰੋ)- ਹਿੰਦ ਮਹਾਸਾਗਰ ਵਿੱਚ ਚੀਨ ਦਾ ਹਮਲਾਵਰ ਰੁਖ਼ ਦੇਖ ਕੇ ਭਾਰਤ ਦੁਨੀਆ ਦੇ ਸਭ ਤੋਂ ਉਨਤ ਮੰਨੇ ਜਾਂਦੇ ਐਂਟੀ ਮਲਟੀ ਰੋਲ ਐੱਮ ਐੱਚ-60 ਰੋਮੀਓ ਸੀ-ਹਾਕ ਸਬਮੈਰੀਨ ਹੈਲੀਕਾਪਟਰ ਖਰੀਦਣ ਵਾਲਾ ਹੈ। ਭਾਰਤ ਨੇ ਅਮਰੀਕਾ ਤੋਂ ਅਜਿਹੇ 24 ਹੈਲੀਕਾਪਟਰ ਖਰੀਦਣ ਦੀ ਇੱਛਾ ਜ਼ਾਹਰ ਕੀਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਭਾਰਤ ਲਈ ਇਹ ਸੌਦਾ ਇਸ ਲਈ ਖਾਸ ਹੈ ਕਿ ਮਾਲਦੀਵ, ਸ੍ਰੀਲੰਕਾ ਵਰਗੇ ਗੁਆਂਢੀ ਦੇਸ਼ਾਂ ਦੇ ਆਸਰੇ ਚੀਨ ਹਿੰਦ ਮਹਾਸਾਗਰ ਵਿੱਚ ਲਗਾਤਾਰ ਦਖਲ ਦੇਣ ਦੇ ਲਈ ਕੋਸ਼ਿਸ਼ ਕਰ ਰਿਹਾ ਹੈ। ਇਹ ਸਬਮੈਰੀਨ ਹੈਲੀਕਾਪਟਰ ਪਣਡੁੱਬੀਆਂ ਨੂੰ ਤਬਾਹ ਕਰ ਸਕਦਾ ਹੈ ਅਤੇ ਇਨ੍ਹਾਂ ਦੀ ਅੰਦਾਜ਼ਨ ਕੀਮਤ ਦੋ ਬਿਲੀਅਨ ਡਾਲਰ ਹੈ। ਇਹ ਸੌਦਾ ਅਗਲੇ ਕੁਝ ਮਹੀਨਿਆਂ ਵਿੱਚ ਤੈਅ ਹੋ ਜਾਵੇਗਾ। ਵਰਨਣ ਜ਼ਿਕਰ ਯੋਗ ਹੈ ਕਿ ਕੱਲ੍ਹ ਸਿੰਗਾਪੁਰ ਵਿੱਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਦੇ ਉਪ ਰਾਸ਼ਟਰਪਤੀ ਮਾਈਕ ਪੈਂਸ ਨਾਲ ਮੀਟਿੰਗ ਦੀ ਸਫਲਤਾ ਦੇ ਬਾਅਦ ਭਾਰਤ ਨੇ 24 ਐੱਮ ਐੱਚ 60 ਰੋਮੀਓ ਸੀ-ਹਾਕ ਹੈਲੀਕਾਪਟਰ ਖਰੀਦਣ ਦਾ ਬੇਨਤੀ ਪੱਤਰ ਭੇਜ ਦਿੱਤਾ ਹੈ। ਭਾਰਤ ਪਿਛਲੇ 10 ਸਾਲਾਂ ਤੋਂ ਐਂਟੀ ਸਬਮੈਰੀਨ ਹੈਲੀਕਾਪਟਰਾਂ ਦੀ ਲੋੜ ਮਹਿਸੂਸ ਕਰ ਰਿਹਾ ਹੈ। ਬੀਤੇ ਮਹੀਨਿਆਂ ਵਿੱਚ ਭਾਰਤ ਤੇ ਅਮਰੀਕਾ ਵਿਚਾਲੇ ਰੱਖਿਆ ਸਮਝੌਤਿਆਂ 'ਤੇ ਚਰਚਾ ਹੋਈ ਸੀ। ਇਸ ਤੋਂ ਇਲਾਵਾ ਅਰਜਨਟੀਨਾ ਵਿੱਚ ਜੀ-20 ਸੰਮੇਲਨ ਤੋਂ ਲਾਂਭੇ ਹੋ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮੀਟਿੰਗ ਤੋਂ ਪਹਿਲਾਂ ਪੈਂਸ ਤੇ ਮੋਦੀ ਦੀ ਮੁਲਾਕਾਤ ਨੂੰ ਮਹੱਤਵ ਪੂਰਨ ਮੰਨਿਆ ਗਿਆ ਹੈ। ਸੂਤਰਾਂ ਮੁਤਾਬਕ ਭਾਰਤ ਇਸ ਤਰ੍ਹਾਂ ਦੇ 123 ਹੈਲੀਕਾਪਟਰ ਭਾਰਤ 'ਚ ਬਣਾਉਣ ਦੀ ਵੀ ਯੋਜਨਾ ਬਣਾ ਰਿਹਾ ਹੈ। ਫਿਲਹਾਲ ਇਹ ਹੈਲੀਕਾਪਟਰ ਸਿਰਫ ਅਮਰੀਕਾ ਕੋਲ ਹੈ, ਜਿਸ ਨੂੰ ਦੁਨੀਆ ਦਾ ਸਭ ਤੋਂ ਆਧੁਨਿਕ ਪਣਡੁੱਬੀਆਂ ਤਬਾਹ ਕਰਨ ਵਾਲਾ ਹੈਲੀਕਾਪਟਰ ਮੰਨਿਆ ਜਾਂਦਾ ਹੈ।

## ਅਮਰੀਕੀ ਸਿੱਖ ਕੈਬ ਡਰਾਈਵਰ ਦੇ ਕਾਤਲ ਨੇ ਗੁਨਾਹ ਮੰਨ ਲਿਆ

ਵਾਸ਼ਿੰਗਟਨ, 18 ਨਵੰਬਰ (ਪੋਸਟ ਬਿਊਰੋ)- ਵਾਸ਼ਿੰਗਟਨ ਦੇ ਇਕ ਵਿਅਕਤੀ ਨੂੰ ਉਤਰੀ ਇਡਾਹੋ 'ਚ ਵਾਸ਼ਿੰਗਟਨ ਕੈਬ ਡਰਾਈਵਰ ਦੇ ਕਤਲ ਕੇਸ 'ਚ ਦੋਸ਼ੀ ਠਹਿਰਾਇਆ ਗਿਆ ਹੈ। ਬੋਨਰ ਕਾਊਂਟੀ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਰਕਾਰੀ ਧਿਰ ਨੇ 21 ਸਾਲ ਦੇ ਜੈਕਬ ਕੋਰਬਨ ਕੋਲਮੈਨ ਦੀ ਮੌਤ ਦੀ ਸਜ਼ਾ ਨੂੰ ਘਟਾ ਦਿੱਤਾ ਹੈ। ਪੁਲਸ ਅਧਿਕਾਰੀਆ ਦਾ ਕਹਿਣਾ ਹੈ ਕਿ ਕੋਲਮੈਨ ਨੇ ਹੀ ਅਗਸਤ 2017 ਵਿੱਚ 22 ਸਾਲਾ ਗਗਨਦੀਪ ਸਿੰਘ ਨੂੰ ਸਪੋਕੇਨ ਇੰਟਰਨੈਸ਼ਨਲ ਏਅਰਪੋਰਟ ਤੋਂ ਚੁੱਕਿਆ ਸੀ। ਅਧਿਕਾਰੀਆਂ ਨੇ ਕਿਹਾ ਕਿ ਕੋਲਮੈਨ ਨੇ ਪੁਲਸ ਨੂੰ ਦੱਸਿਆ ਹੈ ਕਿ ਉਹ ਆਤਮਘਾਤੀ ਹੋ ਗਿਆ ਸੀ ਅਤੇ ਇਕ ਸਟੋਰ 'ਤੇ ਸਟਾਪ ਦੌਰਾਨ ਉਸ ਨੇ ਇਕ ਚਾਕੂ ਖਰੀਦਿਆ। ਕਹਾਣੀ ਇਵੇਂ ਸੀ ਕਿ ਕੋਲਮੈਨ ਗੋਨਜੇਗਾ ਯੂਨੀਵਰਸਿਟੀ ਦੀਆਂ ਕਲਾਸਾਂ ਲਈ ਸਿਆਟਲ ਤੋਂ ਸਪੋਕੇਨ ਗਿਆ, ਪਰ ਉਸ ਨੂੰ ਦਾਖਲਾ ਨਹੀਂ ਮਿਲਿਆ, ਫਿਰ ਉਸ ਨੇ ਵਾਪਸ ਬੱਸ ਹਵਾਈ ਅੱਡੇ ਤੋਂ ਲੈ ਲਈ ਅਤੇ ਉਸ ਨੂੰ ਟੈਕਸੀ ਨਹੀਂ ਮਿਲੀ ਤਾਂ ਕੋਲਮੈਨ ਨੇ ਇਕ ਹੋਰ ਟੈਕਸੀ ਕੰਪਨੀ ਦੀ ਕਾਰ ਬੁਲਾ ਲਈ ਅਤੇ ਜਿਸ ਨੇ ਗਗਨਦੀਪ ਸਿੰਘ ਨੂੰ ਭੇਜਿਆ ਤੇ ਕਰੀਬ 75 ਮੀਲ ਦੀ ਸਫਰ 'ਤੇ ਕੋਲਮੈਨ ਨੇ ਗਗਨਦੀਪ ਸਿੰਘ ਨੂੰ ਕਿਹਾ ਕਿ ਉਹ ਉਸ ਨੂੰ ਵਾਲਮਾਰਟ ਸਟੋਰ ਵਿੱਚ ਲਾਹ ਦੇਵੇ, ਉਥੇ ਉਸ ਨੇ ਇਕ ਚਾਕੂ ਖਰੀਦਿਆ। ਦੋਵਾਂ ਨੇ ਫਿਰ ਸਫਰ ਜਾਰੀ ਰੱਖਿਆ ਤੇ ਕਲਾਰਕ, ਇਡਾਹੋ ਵਿੱਚ ਇਕ ਕੋਨੋਕੋ ਗੈਸ ਸਟੇਸ਼ਨ 'ਤੇ ਰੋਕ ਲਿਆ ਜਿਥੇ ਕੋਲਮੈਨ ਨੇ ਗਗਨਦੀਪ ਸਿੰਘ 'ਤੇ ਚਾਕੂ ਨਾਲ ਹਮਲਾ ਕੀਤਾ ਤੇ ਉਸ ਦੀ ਮੌਤ ਹੋ ਗਈ। ਪੁਲਸ ਨੇ ਕੋਲਮੈਨ ਨੂੰ ਕੈਬ 'ਚੋਂ ਚਾਕੂ ਨਾਲ ਮ੍ਰਿਤਕ ਗਗਨਦੀਪ ਸਿੰਘ ਨਾਲ ਰੰਗੇ ਹੱਥੀਂ ਫੜਿਆ।

## ਰਣਬੀਰ-ਦੀਪਿਕਾ ਦੇ ਵਿਆਹ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ



ਰੋਮ , 18 ਨਵੰਬਰ (ਪੋਸਟ ਬਿਊਰੋ)- ਇਟਲੀ ਦੇ ਸ਼ਹਿਰ ਕੋਮੋ ਵਿਖੇ ਫਿਲਮੀ ਸਿਤਾਰੇ ਰਣਬੀਰ ਸਿੰਘ ਤੇ ਦੀਪਿਕਾ ਦਾ ਵਿਆਹ ਪੂਰੀ ਦੁਨੀਆ ਲਈ ਵਿਸ਼ੇਸ਼ ਚਰਚਾ ਖੱਟ ਰਿਹਾ ਹੈ। ਇਸ ਤੋਂ ਪਹਿਲਾਂ ਵੀ ਇਟਲੀ 'ਚ ਕਈ ਨਾਮੀ ਲੋਕ ਵਿਆਹ ਕਰਵਾ ਚੁੱਕੇ ਹਨ, ਪਰ ਸ਼ਾਇਦ ਹੀ ਕਿਸੇ ਦਾ ਇਟਲੀ ਵਿੱਚ ਹੋਇਆ ਵਿਆਹ ਵਿਵਾਦ ਦਾ ਕਾਰਨ ਬਣਿਆ ਹੋਵੇ। ਕਿਉਂਕਿ ਇਹ ਵਿਆਹ ਪਹਿਲਾਂ 14 ਨਵੰਬਰ ਨੂੰ ਦੀਪਿਕਾ ਦੀ ਇੱਛਾ ਅਨੁਸਾਰ ਹਿੰਦੂ ਰੀਤੀ ਅਨੁਸਾਰ ਹੋਣ ਪਿਛੋਂ 15 ਨਵੰਬਰ ਨੂੰ ਇਹੋ ਵਿਆਹ ਰਣਬੀਰ ਸਿੰਘ ਦੀ ਇੱਛਾ ਅਨੁਸਾਰ ਸਿੱਖ ਧਰਮ ਦੇ ਰੀਤੀ ਰਿਵਾਜ ਅਨੁਸਾਰ ਹੋਇਆ, ਇਸ ਲਈ ਇਸ ਦੇ ਨਾਲ ਹੀ ਇੱਕ ਨਵੇਂ ਵਿਵਾਦ ਦਾ ਮੁੱਢ ਵੀ ਬੱਝ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਵਿਆਹ ਲਈ ਰਣਬੀਰ ਸਿੰਘ ਅਤੇ ਦੀਪਿਕਾ ਨੇ 15 ਨਵੰਬਰ ਨੂੰ ਸਿੱਖ ਮਰਿਆਦਾ ਅਨੁਸਾਰ ਅਨੰਦ ਕਾਰਜ ਕਰਵਾਉਣ ਲਈ ਗੁਰਦੁਆਰਾ ਸਾਹਿਬ ਜਾਣ ਦੀ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਨੂੰ ਉਸ ਥਾਂ ਹੋਟਲ ਵਿੱਚ ਲਿਆਂਦਾ, ਜਿਥੇ ਵਿਆਹ ਦੇ ਸਮਾਗਮ ਚੱਲ ਰਹੇ ਸਨ। ਇਨ੍ਹਾਂ ਫਿਲਮੀ ਸਿਤਾਰਿਆਂ ਵੱਲੋਂ ਗੁਰੂ ਗ੍ਰੰਥ ਦੇ ਖਿਲਾਫ ਕੀਤੀ ਇਸ ਕਾਰਵਾਈ ਨਾਲ ਇਟਲੀ ਦੇ ਸਿੱਖ ਨਾਰਾਜ਼ ਹੋ ਗਏ ਕਿਉਂਕਿ ਇਨ੍ਹਾਂ ਹੋਟਲਾਂ ਵਿੱਚ ਕੋਈ ਰਹਿਤ ਮਰਿਆਦਾ ਨਹੀਂ ਹੁੰਦੀ ਤੇ ਉਂਝ ਵੀ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਕਰੀਬ ਇਕ ਦਹਾਕਾ ਪਹਿਲਾਂ ਦੁਨੀਆ ਭਰ ਦੀਆਂ ਸਿੱਖ ਸੰਸਥਾਵਾਂ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਹੋਟਲਾਂ ਤੇ ਰੈਸਟੋਰੈਂਟਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਜਾਣ ਤੋਂ ਮਨ੍ਹਾ ਕੀਤਾ ਜਾ ਚੁੱਕਾ ਹੈ। ਇਸ ਦੇ ਬਾਵਜੂਦ ਪਤਾ ਨਹੀਂ ਕਿਉਂ ਇਟਲੀ ਦੇ ਇਕ ਗੁਰਦੁਆਰਾ ਸਾਹਿਬ ਦੀ ਕਮੇਟੀ ਗੁਰੂ ਸਾਹਿਬ ਨੂੰ ਉਸ ਹੋਟਲ ਵਿਖੇ ਆਪ ਹੀ ਲੈ ਗਈ। ਰਣਬੀਰ ਸਿੰਘ ਅਤੇ ਦੀਪਿਕਾ ਦੇ ਵਿਆਹ ਮੌਕੇ ਗੁਰੂ ਸਾਹਿਬ ਦੀ ਇਸ ਬੇਅਦਬੀ ਬਾਰੇ ਪ੍ਰਤੀਕਰਮ ਦਿੰਦਿਆਂ ਇੰਡੀਅਨ ਸਿੱਖ ਕਮਿਊਨਿਟੀ ਇਟਲੀ ਦੇ ਪ੍ਰਧਾਨ ਸੁਖਦੇਵ ਸਿੰਘ ਕੰਗ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਸ੍ਰੀ ਅਕਾਲ ਤਖਤ ਦੀ ਮਰਿਆਦਾ ਨੂੰ ਇਟਲੀ ਦੀਆਂ ਜ਼ਿੰਮੇਵਾਰ ਕਮੇਟੀਆਂ ਮੰਨਣ ਤੋਂ ਇਨਕਾਰ ਕਰ ਰਹੀਆਂ ਹਨ।

## ਅਫਗਾਨ ਜੰਗ ਵਿੱਚ ਤਿੰਨ ਸਾਲਾਂ ਵਿੱਚ 30 ਹਜ਼ਾਰ ਫੌਜੀ ਮਾਰੇ ਗਏ

ਵਾਸ਼ਿੰਗਟਨ, 18 ਨਵੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚ ਤਾਲਿਬਾਨ ਤੇ ਹੋਰ ਅੱਤਵਾਦੀ ਜਥੇਬੰਦੀਆਂ ਨਾਲ ਜੰਗ ਵਿੱਚ 2015 ਤੋਂ ਲੈ ਕੇ ਅੱਜ ਤੱਕ ਤੀਹ ਹਜ਼ਾਰ ਅਫਗਾਨ ਫੌਜੀ ਮਾਰੇ ਜਾ ਚੁੱਕੇ ਹਨ। ਇਸ ਬਾਰੇ ਅਫਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ ਗਨੀ ਨੇ ਜਾਣਕਾਰੀ ਦਿੱਤੀ ਹੈ। ਇਹ ਗਿਣਤੀ ਪਹਿਲਾਂ ਦੱਸੀ ਗਿਣਤੀ ਤੋਂ ਬਹੁਤ ਵੱਧ ਹੈ।

ਰਾਸ਼ਟਰਪਤੀ ਅਸ਼ਰਫ ਗਨੀ ਨੇ ਵਾਸ਼ਿੰਗਟਨ ਦੇ ਜੋਹਨਸ ਹੋਪਕਿਨਸ ਸਕੂਲ ਆਫ ਐਡਵਾਂਸਡ ਇੰਟਰਨੈਸ਼ਨਲ ਸਟੱਡੀਜ਼ ਦੇ ਇੱਕ ਸਮਾਗਮ ਵਿੱਚ ਵੀਡੀਓ ਕਾਨਫਰੰਸ ਰਾਹੀਂ ਗੱਲਬਾਤ ਦੌਰਾਨ ਇਹ ਜਾਣਕਾਰੀ ਦਿੱਤੀ। ਅਸ਼ਰਫ ਗਨੀ ਇੱਕ ਸਮੇਂ ਅਮਰੀਕੀ ਯੂਨੀਵਰਸਿਟੀ ਦੇ ਪ੍ਰੋਫੈਸਰ ਰਹਿ ਚੁੱਕੇ ਹਨ। ਰਾਸ਼ਟਰਪਤੀ ਗਨੀ ਨੇ ਕਿਹਾ ਕਿ 2015 ਵਿੱਚ ਜਦੋਂ ਨਾਟੋ ਫੌਜਾਂ ਤੋਂ ਅਫਗਾਨਿਸਤਾਨ ਪੁਲਸ ਅਤੇ ਫੌਜ ਨੇ ਚਾਰਜ ਲਿਆ, ਓਦੋਂ ਤੋਂ 28529 ਫੌਜੀਆਂ ਨੇ ਦੇਸ਼ ਲਈ ਜਾਨ ਦੇ ਦਿੱਤੀ ਅਤੇ 58 ਅਮਰੀਕੀ ਫੌਜੀ ਵੀ ਜੰਗ ਦੌਰਾਨ ਮਾਰੇ ਗਏ। ਰਾਸ਼ਟਰਪਤੀ ਗਨੀ ਨੇ ਕਿਹ ਕਿ ਮੈਂ ਦੇਸ਼ ਲਈ ਜਾਨ ਦੇਣ ਵਾਲੇ ਹਰ ਫੌਜੀ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ। ਉਨ੍ਹਾਂ ਕਿਹਾ ਕਿ ਦੇਸ਼ ਦੇ ਜਵਾਨ ਇੱਕ ਜਜ਼ਬੇ ਨਾਲ ਫੌਜ ਵਿੱਚ ਭਰਤੀ ਹੁੰਦੇ ਹਨ ਤੇ ਮੈਂ ਨਹੀਂ ਮੰਨਦਾ ਕਿ ਜਜ਼ਬੇ ਬਿਨਾਂ ਕੋਈ ਵਿਅਕਤੀ 200 ਪੌਂਡ ਦੀ ਤਨਖਾਹ ਲਈ ਆਪਣੀ ਜਾਨ ਕੁਰਬਾਨ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ 2015 ਦੇ ਸਾਲ ਵਿੱਚ ਪੰਜ ਹਜ਼ਾਰ ਅਫਗਾਨ ਫੌਜੀ ਮਾਰੇ ਗਏ ਤੇ 15 ਹਜ਼ਾਰ ਜ਼ਖਮੀ ਹੋ ਗਏ। ਸਾਲ 2016 ਤੋਂ 2018 ਤੱਕ 25 ਹਜ਼ਾਰ ਦੇ ਕਰੀਬ ਅਫਗਾਨ ਫੌਜੀ ਮਾਰੇ ਗਏ ਅਤੇ ਇਸ ਸਾਲ ਅਗਸਤ ਤੇ ਸਤੰਬਰ ਮਹੀਨਿਆਂ ਵਿੱਚ ਇੱਕ ਹਜ਼ਾਰ ਅਫਗਾਨ ਫੌਜੀਆਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਜਾਨ ਦਿੱਤੀ ਹੈ। ਉਨ੍ਹਾਂ ਨੇ ਦੱਸਿਆ ਕਿ ਅਮਰੀਕਾ ਦੀ ਵਿਚੋਲਗੀ ਨਾਲ ਤਾਲਿਬਾਨ ਨਾਲ ਸ਼ਾਂਤੀ ਸਮਝੌਤੇ ਲਈ ਯਤਨ ਹੋ ਰਹੇ ਹਨ ਅਤੇ ਅਕਤੂਬਰ ਮਹੀਨੇ ਵਿੱਚ ਦੋਹਾ ਵਿੱਚ ਤਾਲਿਬਾਨ ਵਫਦ ਨਾਲ ਇੱਕ ਮੀਟਿੰਗ ਹੋਈ ਹੈ।

## ਫਰਾਂਸ ਵਿੱਚ ਤੇਲ ਕੀਮਤਾਂ ਵਧਣ ਵਿਰੁੱਧ ਮੁਜ਼ਾਹਰੇ ਦੌਰਾਨ ਇੱਕ ਮੌਤ, 400 ਤੋਂ ਵੱਧ ਜ਼ਖਮੀ



ਪੈਰਿਸ, 18 ਨਵੰਬਰ (ਪੋਸਟ ਬਿਊਰੋ)- ਫਰਾਂਸ ਵਿਚ ਤੇਲ ਦੀਆਂ ਵੱਧਦੀਆਂ ਕੀਮਤਾਂ ਵਿਰੁੱਧ ਪ੍ਰਦਰਸ਼ਨ ਵਿਚ 400 ਤੋਂ ਵੱਧ ਲੋਕ ਜ਼ਖਮੀ ਹੋ ਗਏ ਅਤੇ ਇੱਕ ਦੀ ਮੌਤ ਹੋ ਗਈ। ਇਨ੍ਹਾਂ ਵਿਚੋਂ 14 ਲੋਕਾਂ ਦੀ ਹਾਲਤ ਗੰਭੀਰ ਹੈ। ਗ੍ਰਹਿ ਮੰਤਰੀ ਕ੍ਰਿਸਟੋਫ ਕੈਸਟੇਨਰ ਨੇ ਅੱਜ ਐਤਵਾਰ ਨੂੰ ਦੱਸਿਆ ਕਿ ਜ਼ਖਮੀਆਂ ਦੀ ਗਿਣਤੀ ਕੱਲ੍ਹ ਨਾਲੋਂ ਦੁਗਣੀ ਹੋ ਗਈ ਹੈ। ਸ਼ਨੀਵਾਰ ਰਾਤ ਪ੍ਰਦਰਸ਼ਨਕਾਰੀਆਂ ਨੇ 87 ਵੱਖ-ਵੱਖ ਥਾਵਾਂ 'ਤੇ ਪ੍ਰਦਰਸ਼ਨ ਕੀਤੇ ਅਤੇ ਗੁੱਸਾ ਜ਼ਾਹਰ ਕਰਨ ਲਈ ਸੜਕਾਂ ਬੰਦ ਕਰ ਦਿੱਤੀਆਂ ਸਨ। ਕੁੱਲ 409 ਜ਼ਖਮੀਆਂ ਵਿਚੋਂ 28 ਪੁਲਸ ਮੁਲਾਜ਼ਮ, ਮਿਲਟਰੀ ਪੁਲਸ ਤੇ ਫਾਇਰ ਬ੍ਰਿਗੇਡ ਦੇ ਕਰਮਚਾਰੀ ਸ਼ਾਮਲ ਹਨ। ਆਰ ਟੀ ਐੱਲ ਰੇਡੀਓ ਮੁਤਾਬਕ ਕ੍ਰਿਸਟੋਫ ਨੇ ਦੱਸਿਆ ਕਿ ਕਰੀਬ 2,88,000 ਲੋਕਾਂ ਨੇ ਦੇਸ਼ ਦੀਆਂ 2,034 ਥਾਵਾਂ ਉੱਤੇ ਚੱਲਦੇ ਪ੍ਰਦਰਸ਼ਨ ਵਿਚ ਹਿੱਸਾ ਲਿਆ। ਕਰੀਬ 3,500 ਲੋਕ ਪ੍ਰਦਰਸ਼ਨ ਵਾਲੀ ਥਾਂ ਡਟੇ ਰਹੇ। ਪੁਲਸ ਨੇ ਇਸ ਬਾਰੇ 282 ਪ੍ਰਦਰਸ਼ਨਕਾਰੀਆਂ ਤੋਂ ਪੁੱਛਗਿੱਛ ਕੀਤੀ, ਜਿਨ੍ਹਾਂ ਵਿਚੋਂ 157 ਹਾਲੇ ਹਿਰਾਸਤ ਵਿਚ ਹਨ। ਕ੍ਰਿਸਟੋਫ ਨੇ ਕਿਹਾ, 'ਬੀਤੀ ਰਾਤ ਬਹੁਤ ਗੜਬੜ ਵਾਲੀ ਰਹੀ।

## ਚੀਨ ਵਿੱਚ ਪੋਰਨ ਦੀ ਸੂਚਨਾ ਦੇਣ ਵਾਲੇ ਨੂੰ ਵੱਡਾ ਇਨਾਮ ਮਿਲੇਗਾ

ਬੀਜਿੰਗ, 18 ਨਵੰਬਰ (ਪੋਸਟ ਬਿਊਰੋ)- ਪੋਰਨ ਵੇਖਣ ਦਾ ਕ੍ਰੇਜ਼ ਅੱਜ ਕੱਲ੍ਹ ਹਰ ਥਾਂ ਕਾਫੀ ਵਧ ਰਿਹਾ ਹੈ। ਚੀਨ ਸਰਕਾਰ ਨੇ ਦੇਸ਼ ਵਿਚ ਵੱਧਦੀ ਪੋਰਨ ਦੀ ਲੋਕਪ੍ਰਿਅਤਾ ਕਾਰਨ ਸਖਤ ਫੈਸਲਾ ਲਿਆ ਹੈ ਅਤੇ ਪੋਰਨ ਦੇਖਣ ਵਾਲੇ ਦੀ ਸੂਚਨਾ ਦੇਣ ਵਾਲੇ ਲਈ ਇਨਾਮ ਦਾ ਐਲਾਨ ਕੀਤਾ ਹੈ। ਇਸ ਬਾਰੇ ਚੀਨੀ ਰੈਗੂਲੇਟਰੀ ਅਧਿਕਾਰੀਆਂ ਨੇ ਅਸ਼ਲੀਲ ਅਤੇ ਗੈਰ ਕਾਨੂੰਨੀ ਪੋਰਨ ਪ੍ਰਕਾਸ਼ਨਾਂ ਦੀ ਰਿਪੋਰਟ ਕਰਨ ਵਾਲੇ ਨਾਗਰਿਕਾਂ ਨੂੰ ਨਕਦ ਇਨਾਮ ਦੇਣ ਦੀ ਯੋਜਨਾ ਬਣਾਈ ਹੈ। ਮਿਲੀ ਜਾਣਕਾਰੀ ਮੁਤਾਬਕ ਰੈਗੂਲੇਟਰਾਂ ਨੇ ਕਿਹਾ ਹੈ ਕਿ 1 ਦਸੰਬਰ ਤੋਂ ਅਸ਼ਲੀਲ ਅਤੇ ਗੈਰ ਕਾਨੂੰਨੀ ਸਮੱਗਰੀ ਦੀ ਰਿਪੋਰਟ ਕਰਨ ਵਾਲੇ ਲੋਕਾਂ ਨੂੰ 600,000 ਯੁਆਨ (86,000 ਡਾਲਰ) ਤੱਕ ਦਾ ਇਨਾਮ ਮਿਲ ਸਕਦਾ ਹੈ। ਪੋਰਨ ਦੀ ਆਨਲਾਈਨ ਵਧਦੀ ਲੋਕਪ੍ਰਿਅਤਾ ਤੋਂ ਪਰੇਸ਼ਾਨ ਚੀਨ ਨੇ ਇਸ ਵੱਡੀ ਰਾਸ਼ੀ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਵਾਲੇ ਨਿਰਦੇਸ਼ਾਂ ਵਿੱਚ ਚੀਨ ਵਿਚ ਪੋਰਨ ਦੀ ਰਿਪੋਰਟ ਦੇਣ ਵਾਲੇ ਲਈ ਇਨਾਮ ਦੀ ਰਾਸ਼ੀ 300,000 ਯੁਆਨ ਸੀ, ਜਿਸ ਨੂੰ ਦੁੱਗਣਾ ਕਰ ਦਿੱਤਾ ਗਿਆ ਹੈ। ਚੀਨੀ ਅਧਿਕਾਰੀਆਂ ਦੇ ਮੁਤਾਬਕ ਪੋਰਨ ਦਾ ਵੱਧਦਾ ਚਲਨ ਰਾਸ਼ਟਰੀ ਏਕਤਾ ਨੂੰ ਖਤਰੇ ਵਿਚ ਪਾਉਂਦਾ ਹੈ।

## ਟਰੰਪ ਨਾਲ ਬਹਿਸ ਕਰਨ ਵਾਲੇ ਰਿਪੋਰਟਰ ਦੀ ਵ੍ਹਾਈਟ ਹਾਊਸ ਦੀ ਐਂਟਰੀ ਫਿਰ ਬਹਾਲ

ਵਾਸ਼ਿੰਗਟਨ, 18 ਨਵੰਬਰ, (ਪੋਸਟ ਬਿਊਰੋ)- ਅਮਰੀਕਾ 'ਚ ਇਕ ਫੈਡਰਲ ਜੱਜ ਨੇ ਵ੍ਹਾਈਟ ਹਾਊਸ ਨੂੰ ਸੀ ਐਨ ਐਨ ਦੇ ਪੱਤਰਕਾਰ ਜਿਮ ਅਕੋਸਟਾ ਦਾ ਪ੍ਰੈਸ ਕਾਰਡ ਤੁਰੰਤ ਬਹਾਲ ਕਰਨ ਨੂੰ ਕਿਹਾ ਹੈ। ਅਮਰੀਕੀ ਜੁਡੀਸ਼ੀਅਲ ਕੋਰਟ ਦੇ ਜੱਜ ਟਿਮੋਥੀ ਕੇਲੀ ਨੇ ਅੱਜ ਵਾਸ਼ਿੰਗਟਨ 'ਚ ਕੇਸ ਦੀ ਸੁਣਵਾਈ ਤੋਂ ਬਾਅਦ ਇਹ ਫੈਸਲਾ ਸੁਣਾਇਆ। ਵਰਨਣ ਯੋਗ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਬਹਿਸ ਤੋਂ ਬਾਅਦ ਅਕੋਸਟਾ ਉੱਤੇ ਵ੍ਹਾਈਟ ਹਾਊਸ 'ਚ ਰਿਪੋਰਟਿੰਗ ਕਰਨ ਦੀ ਪਾਬੰਦੀ ਲਾ ਦਿੱਤੀ ਗਈ ਸੀ। ਸੀ ਐਨ ਐਨ ਮੁਤਾਬਕ ਜੱਜ ਟਿਮੋਥੀ ਕੇਲੀ ਨੇ ਸੁਣਵਾਈ ਪੂਰੀ ਹੋਣ ਤੱਕ ਅਕੋਸਟਾ ਦਾ ਪ੍ਰੈਸ ਕਾਰਡ ਯਕੀਨੀ ਕਰਨ ਲਈ ਵ੍ਹਾਈਟ ਹਾਊਸ ਦੇ ਆਦੇਸ਼ ਉਤੇ ਅਸਥਾਈ ਰੋਕ ਲਾਈ ਹੈ। ਕਈ ਮੀਡੀਆ ਗਰੁੱਪਾਂ ਦਾ ਕਹਿਣਾ ਹੈ ਕਿ ਅਕੋਸਟਾ ਦਾ ਕਾਰਡ ਰੱਦ ਕਰਨ ਨਾਲ ਆਜ਼ਾਦ ਪ੍ਰੈਸ ਲਈ ਸੰਵਿਧਾਨਕ ਗਾਰੰਟੀ ਦਾ ਉਲੰਘਣ ਹੋਇਆ ਹੈ।




Honesty, Reliability, Commitment

HOMELIFE SILVERCITY

"Open House Until Sold"

○ 1 yr Home Warranty ○ Get 40% Discount on Brand Name

○ Furniture & Home Appliances ○ Free Evaluation & Lowest Commission

Hira Randhawa
Broker

www.hirarandhawa.com | hirarandhawa@yahoo.ca

For all your Needs Call: 416.319.0551 or 905.913.8585

SAVE SAVE SAVE ....$$$$$$

Super Visa Insurance

On affordable rates, pay in installments, full refund on early cancellation.

RESP

Act immediately to get 15% Extra govt. grant of Year 2018

Visitor/Travel/Life/ Disability/Funeral Insurance





A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344



MICHELIN · Hankook · Continental · ROADLUX · BFGoodrich · AEOLUS



Chevron Delo

Special OIL CHANGE Rates

BEST TRUCK REPAIR & TIRE CENTRE

ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਦੀ ਭਾਰੀ ਸੇਲ

We also Specialize in Engine, Transmission, Differential Rebuild, Safety Inspection & All Kinds of Electric Work

SPECIAL ON TRUCK ALIGNMENT BRAND NEW MACHINES 2018

Brake & Drum - On Special Sale!
-Made in U.S

4 CAT Batteries $500 on Special Sale

Special Sale on Smartway Approved Tires $245 each

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲ੍ਹਾ

1715 Sismet Rd, Mississauga | Call Ranjit: 416.624.8351 | Tel: 905.625.0055

# ਦਿੱਲੀ ਏਅਰਪੋਰਟ ਜਾਂਦੀਆਂ ਬਾਦਲ ਪਰਿਵਾਰ ਸਮੇਤ ਕਈ ਟੂਰਿਸਟ ਬੱਸ ਕੰਪਨੀਆਂ ਨੂੰ ਨੋਟਿਸ ਜਾਰੀ



ਬਠਿੰਡਾ, 18 ਨਵੰਬਰ (ਪੋਸਟ ਬਿਊਰੋ)- ਨਵੀਂ ਦਿੱਲੀ ਵਿੱਚ ਪੰਜਾਬ ਰੋਡਵੇਜ਼ ਅਤੇ ਪੀ ਆਰ ਟੀ ਸੀ ਦੀਆਂ ਬਸਾਂ ਦੇ ਚਲਾਨ ਕੱਟੇ ਜਾਣ ਪਿੱਛੋਂ ਪੰਜਾਬ ਸਰਕਾਰ ਨੇ ਬਾਦਲ ਪਰਵਾਰ ਦੀਆਂ ਬਸਾਂ ਸਮੇਤ ਸੂਬੇ ਦੀ ਟੂਰਿਸਟ ਬਸ ਕੰਪਨੀਆਂ ਦੀ ਦਿੱਲੀ ਏਅਰਪੋਰਟ ਉੱਤੇ ਜਾ ਰਹੀਆਂ ਸਾਰੀਆਂ ਬਸਾਂ 'ਤੇ ਸਖਤੀ ਸ਼ੁਰੂ ਕਰ ਦਿੱਤੀ ਹੈ। ਇਸ ਬਾਰੇ ਦਿੱਲੀ ਸਰਕਾਰ ਨੇ ਬਾਦਲ ਪਰਵਾਰ ਸਮੇਤ ਸਾਰੀਆਂ ਕੰਪਨੀਆਂ ਦੀਆਂ ਟੂਰਿਸਟ ਬਸਾਂ ਨੂੰ ਨੋਟਿਸ ਜਾਰੀ ਕੀਤੇ ਹਨ। ਇਨ੍ਹਾਂ ਨੋਟਿਸਾਂ ਵਿੱਚ ਸੱਤ ਦਿਨ ਵਿੱਚ ਸੰਬੰਧਤ ਰਿਕਾਰਡ ਪੇਸ਼ ਕਰਨ ਦਾ ਹੁਕਮ ਦਿੱਤਾ ਹੈ।

ਵਰਨਣ ਯੋਗ ਹੈ ਕਿ ਟੂਰਿਸਟ ਬਸਾਂ ਇੱਕ ਜਗ੍ਹਾ ਤੋਂ ਸਵਾਰੀਆਂ ਚੁੱਕ ਕੇ ਸਿੱਧਾ ਇੱਕੋ ਸਥਾਨ 'ਤੇ ਲਾਹ ਸਕਦੀਆਂ ਹਨ, ਪਰ ਮੰਨਿਆ ਜਾ ਰਿਹਾ ਹੈ ਕਿ ਜ਼ਿਆਦਾਤਰ ਕੰਪਨੀਆਂ ਦੀਆਂ ਟੂਰਿਸਟ ਬਸਾਂ ਜਿਨ੍ਹਾਂ-ਜਿਨ੍ਹਾਂ ਸ਼ਹਿਰਾਂ ਤੋਂ ਲੰਘਦੀਆਂ ਹਨ, ਉਨ੍ਹਾਂ ਸਭ ਥਾਵਾਂ ਤੋਂ ਸਵਾਰੀਆਂ ਲੈਂਦੀਆਂ ਹਨ। ਟਰਾਂਸਪੋਰਟ ਵਿਭਾਗ ਦੇ ਨਿਯਮਾਂ ਅਨੁਸਾਰ ਟੂਰਿਸਟ ਬਸ ਮਾਲਕਾਂ ਨੂੰ ਹਰ ਹਫਤੇ ਵਿਭਾਗ ਨੂੰ ਸਵਾਰੀਆਂ ਦੀ ਸੂਚੀ ਭੇਜਣੀ ਹੁੰਦੀ ਹੈ, ਜਿਸ ਵਿੱਚ ਸਵਾਰੀ ਦੇ ਨਾਂਅ ਸਮੇਤ ਕਿੱਥੋਂ ਕਿੱਥੇ ਤੱਕ ਸਫਰ ਕੀਤਾ, ਇਸ ਦੀ ਜਾਣਕਾਰੀ ਦੇਣੀ ਹੁੰਦੀ ਹੈ। ਇਸ ਦੇ ਇਲਾਵਾ ਹਰ ਤਿੰਨ ਮਹੀਨੇ ਬਾਅਦ ਬਸ ਦੀ ਲਾਗ-ਬੁਕ ਵੀ ਜਮ੍ਹਾ ਕਰਾਉਣੀ ਹੁੰਦੀ ਹੈ, ਪਰ ਜ਼ਿਆਦਾਤਰ ਟੂਰਿਸਟ ਬਸ ਮਾਲਕਾਂ ਵੱਲੋਂ ਵਿਭਾਗ ਕੋਲ ਰਿਕ-'ਰਡ ਜਮ੍ਹਾ ਨਹੀਂ ਕਰਾਇਆ ਜਾਂਦਾ। ਇਸ ਕਾਰਨ ਟਰਾਂਸਪੋਰਟ ਕਮਿਸ਼ਨਰ ਪੰਜਾਬ ਨੇ ਦਿੱਲੀ ਵਿੱਚ ਸਰਕਾਰੀ ਬਸਾਂ ਦਾ ਚਲਾਨ ਹੋਣ ਦੇ ਬਾਅਦ ਇਹ ਸਖਤ ਰੁਖ਼ ਧਾਰਨ ਕੀਤਾ ਹੈ। ਸਮਝਿਆ ਜਾਂਦਾ ਹੈ ਕਿ ਨਿੱਜੀ ਬਸ ਕੰਪਨੀਆਂ ਦੇ ਮਾਲਕਾਂ ਦੇ ਇਸ਼ਾਰੇ ਉੱਤੇ ਹੀ ਸਰਕਾਰੀ ਬਸਾਂ ਦੇ ਚਲਾਨ ਕੀਤੇ ਗਏ ਹਨ ਤਾਂ ਕਿ ਉਹ ਇਸ ਦਾ ਆਰਥਿਕ ਲਾਹਾ ਲੈ ਸਕਣ।

## ਸੰਸਾਰ ਪੱਧਰ ਉੱਤੇ 'ਜਹਾਜ਼' ਵਜੋਂ ਜਾਣੇ ਜਾਂਦੇ ਕਬੱਡੀ ਦੇ ਖਿਡਾਰੀ ਸੁਖਮਨ ਚੋਹਲਾ ਦਾ ਦੇਹਾਂਤ



ਚੋਹਲਾ ਸਾਹਿਬ, 18 ਨਵੰਬਰ (ਪੋਸਟ ਬਿਊਰੋ)- 'ਕਬੱਡੀ ਦਾ ਜਹਾਜ਼' ਦੇ ਨਾਂਅ ਨਾਲ ਜਾਣੇ ਜਾਂਦੇ ਤੇ ਥੋੜ੍ਹੇ ਸਮੇਂ ਵਿੱਚ ਮਾਂ ਖੇਡ ਕਬੱਡੀ ਖੇਡਦਿਆਂ ਕੌਮਾਂਤਰੀ ਪੱਧਰ 'ਤੇ ਆਪਣੀ ਯੋਗਤਾ ਦਾ ਲੋਹਾ ਮੰਨਵਾ ਚੁੱਕੇ ਸਟਾਰ ਕਬੱਡੀ ਖਿਡਾਰੀ ਸੁਖਮਨ ਚੋਹਲਾ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਹੈ।

ਪਰਵਾਰਕ ਮੈਂਬਰਾਂ ਅਨੁਸਾਰ ਸੁਖਮਨ ਕੱਲ੍ਹ ਸ਼ਾਮ ਆਪਣੇ ਪਿੰਡ ਚੋਹਲਾ ਸਾਹਿਬ ਤੋਂ ਕਿਸੇ ਨਿੱਜੀ ਕੰਮ ਅੰਮ੍ਰਿਤਸਰ ਗਿਆ ਸੀ, ਜਿੱਥੇ ਅਚਾਨਕ ਉਸ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਇਸ ਮੌਕੇ ਸੁਖਮਨ ਚੋਹਲਾ ਦੇ ਪਿਤਾ ਕੁਲਵੰਤ ਸਿੰਘ ਤੇ ਪਰਵਾਰ ਨਾਲ ਵੱਖ-ਵੱਖ ਸਿਆਸੀ ਅਤੇ ਸਮਾਜ ਸੇਵੀਆਂ ਅਤੇ ਧਾਰਮਿਕ ਆਗੂਆਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਪਰਵਾਰਕ ਅਤੇ ਕਬੱਡੀ ਖੇਡ ਜਗਤ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਵਰਨਣ ਯੋਗ ਹੈ ਕਿ ਸੁਖਮਨ ਚੋਹਲਾ ਦੇ ਮੈਚ ਵੇਖਣ ਲਈ ਸਮੁੱਚੇ ਭਾਰਤ ਅਤੇ ਵਿਦੇਸ਼ਾਂ ਵਿੱਚ ਕਬੱਡੀ ਖੇਡ ਪ੍ਰੇਮੀ ਦੂਰ ਦੂਰ ਤੋਂ ਆਪਣੇ ਜ਼ਰੂਰੀ ਕੰਮ ਛੱਡ ਕੇ ਪੁੱਜਦੇ ਸਨ। ਉਸ ਦੀ ਹਰ ਰੇਡ ਉੱਤੇ ਜਿੱਥੇ ਤਾੜੀਆਂ ਨਾਲ ਲੋਕ ਸ਼ਾਨਦਾਰ ਸਵਾਗਤ ਕਰਦੇ ਸੀ, ਉਥੇ ਹੀ ਨੋਟਾਂ ਦਾ ਮੀਂਹ ਵਰ੍ਹਾ ਦਿੰਦੇ ਸਨ।

## ਨੌਜਵਾਨ ਨੂੰ ਕੁਚਲ ਕੇ ਪੁਲਸ ਵਾਲੇ ਨੇ ਬਸ ਛੁਪਾ ਦਿੱਤੀ, ਕੈਮਰੇ ਕਾਰਨ ਫੜਿਆ ਗਿਆ

ਪਠਾਨਕੋਟ, 18 ਨਵੰਬਰ (ਪੋਸਟ ਬਿਊਰੋ)- ਡਲਹੌਜੀ ਰੋਡ ਤੋਂ ਸਿੰਬਲ ਚੌਕ ਵੱਲ ਜਾ ਰਹੇ ਐਕਟਿਵਾ ਸਵਾਰ ਨੌਜਵਾਨ ਨੂੰ ਪਿੱਛਿਉਂ ਆਈ ਤੇਜ਼ ਰਫਤਾਰ ਪੰਜਾਬ ਪੁਲਸ ਦੀ ਬਸ ਨੇ ਸਾਈਡ ਮਾਰ ਦਿੱਤੀ। ਹਾਦਸੇ ਵਿੱਚ ਐਕਟਿਵਾ ਸਵਾਰ ਢਾਕੀ ਰੋਡ ਦੇ ਪ੍ਰੇਮ ਨਗਰ ਵਾਸੀ ਨੌਜਵਾਨ ਰੋਹਿਤ ਕੁਮਾਰ ਦੀ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਇਸ ਹਾਦਸੇ ਦੇ ਬਾਅਦ ਬਸ ਡਰਾਈਵਰ ਨੇ ਕਾਹਲੀ ਵਿੱਚ ਬਸ ਨੂੰ ਏ ਬੀ ਕਾਲਜ ਰੋਡ ਉਤੇ ਇੱਕ ਸੁੰਨਸਾਨ ਜਗ੍ਹਾ ਉੱਤੇ ਲਾ ਕੇ ਛੁਪਾਉਣ ਦੇ ਕਸ਼ਿਸ਼ ਕੀਤੀ। ਜਦ ਲੋਕਾਂ ਨੂੰ ਘਟਨਾ ਦਾ ਪਤਾ ਲੱਗਾ ਤਾਂ ਡਰਾਈਵਰ ਨੇ ਬਸ ਨੂੰ ਉਥੋਂ ਭਜਾ ਕੇ ਪੁਲਸ ਲਾਈਨ ਵਿੱਚ ਖੜ੍ਹਾ ਕਰ ਦਿੱਤਾ। ਸੂਚਨਾ ਮਿਲਣ ਦੇ ਬਾਅਦ ਮੌਕੇ 'ਤੇ ਪਹੁੰਚੇ ਪਰਵਾਰ ਨੇ ਪੁਲਸ ਨੂੰ ਨਾਲ ਲੈ ਕੇ ਡਲਹੌਜੀ ਰੋਡ ਸਥਿਤ ਇੱਕ ਸੈਲੂਨ ਦੇ ਬਾਹਰ, ਸਿੰਬਲ ਚੌਕ ਵਿੱਚ ਫੋਟੋਗਰਾਫਰ ਅਤੇ ਹੋਰਾਂ ਦੁਕਾਨਾਂ ਉੱਤੇ ਲੱਗੇ ਸੀ ਸੀ ਟੀ ਵੀ ਕੈਮਰੇ ਦੀ ਫੁਟੇਜ ਦੇਖੀ, ਤਾਂ ਪਤਾ ਲੱਗਾ ਕਿ ਉਸ ਦੌਰਾਨ ਪੰਜਾਬ ਪੁਲਸ ਲਿਖੀ ਬਸ ਨਿਕਲੀ ਸੀ ਤੇ ਡਰਾਈਵਰ ਬਸ ਨੂੰ ਤੇਜ਼ੀ ਨਾਲ ਸਿੰਬਲ ਚੌਕ ਤੋਂ ਏ ਬੀ ਕਾਲਜ ਵੱਲ ਲੈ ਗਿਆ। ਕੈਮਰੇ ਦੀ ਫੁਟੇਜ 'ਚ ਮਾਰੇ ਗਏ ਨੌਜਵਾਨ ਦੇ ਪਰਵਾਰ ਦੇ ਬਿਆਨਾਂ 'ਤੇ ਬਸ ਡਰਾਈਵਰ ਵਿਪਨ ਉੱਤੇ ਕੇਸ ਦਰਜ ਕਰ ਲਿਆ ਹੈ।

## ਚਾਮ ਕੌਰ ਨੇ ਕੋਰਟ ਵਿੱਚ ਦਿੱਲੀ ਕਤਲੇਆਮ ਦੇ ਦੋਸ਼ੀ ਵਜੋਂ ਸੱਜਣ ਕੁਮਾਰ ਨੂੰ ਪਛਾਣਿਆ

ਨਵੀਂ ਦਿੱਲੀ, 18 ਨਵੰਬਰ, (ਪੋਸਟ ਬਿਊਰੋ)- 1984 ਦੇ ਸਿੱਖ ਕਤਲੇਆਮ ਦੇ ਕੇਸ ਵਿੱਚ ਦੋਸ਼ੀ ਕਾਂਗਰਸੀ ਆਗੂ ਸੱਜਣ ਕੁਮਾਰ ਦੇ ਖ਼ਿਲਾਫ਼ ਗਵਾਹ ਚਾਮ ਕੌਰ ਨੇ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਵਿੱਚ ਅੱਜ ਸੱਜਣ ਕੁਮਾਰ ਨੂੰ ਪਛਾਣਦੇ ਹੋਏ ਕਿਹਾ ਕਿ ਸੱਜਣ ਕੁਮਾਰ ਹੀ ਉਹ ਵਿਅਕਤੀ ਹੈ, ਜੋ ਸਿੱਖਾਂ ਦੇ ਕਤਲਾਂ ਲਈ ਭੀੜ ਨੂੰ ਉਕਸਾ ਰਿਹਾ ਸੀ।

ਚਾਮ ਕੌਰ ਨੇ ਅਦਾਲਤ ਵਿੱਚ ਗਵਾਹੀ ਦੇਂਦਿਆਂ ਕਿਹਾ ਕਿ ਉਸ ਨੇ ਸੱਜਣ ਕੁਮਾਰ ਨੂੰ ਦਿੱਲੀ ਸੁਲਤਾਨਪੁਰੀ ਖੇਤਰ ਵਿਚ ਨਵੰਬਰ 1984 ਨੂੰ ਇਹ ਕਹਿੰਦੇ ਸੁਣਿਆ ਸੀ, 'ਸਾਡੀ ਮਾਂ ਮਾਰ ਦਿੱਤੀ, ਸਿੱਖਾਂ ਨੂੰ ਮਾਰੋ'। ਚਾਮ ਕੌਰ ਨੇ ਜੱਜ ਪੂਨਮ ਬਾਮਰਾ ਦੀ ਕੋਰਟ ਵਿੱਚ ਸੱਜਣ ਕੁਮਾਰ ਦੀ ਹਾਜ਼ਰੀ ਵਿੱਚ ਕਿਹਾ ਕਿ ਉਸ ਦਾ ਪਰਿਵਾਰ 31 ਅਕਤੂਬਰ ਨੂੰ ਇੰਦਰਾ ਗਾਂਧੀ ਬਾਰੇ ਟੀ ਵੀ ਉੱਤੇ ਪ੍ਰੋਗਰਾਮ ਦੇਖ ਰਿਹਾ ਸੀ। ਉਹ 1 ਨਵੰਬਰ ਨੂੰ ਆਪਣੀ ਬੱਕਰੀ ਦੇਖਣ ਗਈ ਤਾਂ ਦੇਖਿਆ ਕਿ ਸੱਜਣ ਕੁਮਾਰ ਦੰਗਾ ਕਰਦੀ ਭੀੜ ਦੀ ਅਗਵਾਈ ਕਰਦੇ ਹੋਏ ਕਹਿ ਰਿਹਾ ਸੀ, 'ਸਾਡੀ ਮਾਂ ਮਾਰ ਦਿੱਤੀ, ਸਿੱਖਾਂ ਨੂੰ ਮਾਰ ਦਿਓ'। ਉਸ ਨੇ ਦੱਸਿਆ ਕਿ ਅਗਲੇ ਦਿਨ ਉਸ ਦੇ ਪੁੱਤਰ ਕਪੂਰ ਸਿੰਘ ਤੇ ਪਿਤਾ ਸਰਦਾਰਾ ਸਿੰਘ ਨੂੰ ਘਰ ਦੀ ਦੂਜੀ ਮੰਜ਼ਿਲ ਤੋਂ ਲੁਕੇ ਹੋਇਆਂ ਨੂੰ ਧੂਹ ਕੇ ਬੁਰੀ ਤਰ੍ਹਾਂ ਕੁੱਟਿਆ ਤੇ ਹੇਠਾਂ ਸੁੱਟਿਆ ਗਿਆ। ਓਦੋਂ ਚਾਮ ਕੌਰ ਦੇ ਵੀ ਸੱਟਾਂ ਲੱਗੀਆਂ ਸਨ। ਉਸ ਨੇ ਕਿਹਾ ਕਿ ਸੱਜਣ ਕੁਮਾਰ ਨੂੰ ਚੰਗੀ ਤਰ੍ਹਾਂ ਪਛਾਣਦੀ ਹੈ ਕਿ ਉਹ ਜਦੋਂ ਵਿਧਾਇਕ ਜਾਂ ਪਾਰਲੀਮੈਂਟ ਮੈਂਬਰ ਸੀ ਤਾਂ ਰਾਸ਼ਨ ਕਾਰਡ, ਪਾਸਪੋਰਟ ਦੇ ਕਾਗਜ਼ਾਂ 'ਤੇ ਮੋਹਰ ਲਵਾਉਣ ਜਾਂਦੇ ਸੀ।


**Machine Operators Required**

ਇਸ ਐਂਟਰੀ ਲੈਵਲ ਜੌਬ ਨਾਲ ਆਪਣੀ ਟੈਕਨੀਕਲ ਮੁਹਾਰਤ ਵਿੱਚ ਵਾਧਾ ਕਰੋ ਅਤੇ ਇਸ ਕੰਮ ਦਾ ਤਜ਼ਰਬਾ ਪ੍ਰਾਪਤ ਕਰੋ।

- ਕਿਸੇ ਕਿਸਮ ਦੇ ਪਹਿਲੇ ਤਜ਼ਰਬੇ ਦੀ ਲੋੜ ਨਹੀਂ
- ਅਸੀਂ ਤੁਹਾਨੂੰ ਪੂਰੀ ਟਰੇਨਿੰਗ ਦਿਆਂਗੇ
- ਪੱਕੇ ਘੰਟੀਆਂ ਵਾਲਾ ਪੱਕਾ ਕੰਮ

**Duties & Responsibilities**

- Assemble, load and unload production parts
- lifting up to 20 lbs
- Operate on 2-3 CNC machines at one time.
- Use mechanical attitude to troubleshoot and maintain different machine

Pay Rate: $15 - $16 per hour

To apply send resume to aisha@wemovepeople.co

**A/Z DRIVERS/OWNER OPERATORS NEEDED FOR LOCAL & USA**

Earn upto $21 to $32/hr

- USA owner operators 0.95 cent/mile + Fuel
- USA company drivers 0.60 cent/ mile
- Canada owner Operators 0.85 cent/mile + Fuel
- Canada company Drivers 0.50 cent.mile

Skylark Logistics Inc.

Sam Mann: 416-617-2405
Mr. Kyla: 519-821-7999 ext.222

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1", ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ , ਉਮਰ 24 ਸਾਲ, ਕੱਦ 5'-7", ਰੰਗ ਗੋਰਾ, B.sc Computer Science, 30 Acre ਜ਼ਮੀਨ, **District** ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.


YOUR AD HERE
Check our Free E-paper at: www.canadianpunjabipost.ca
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ


## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ, ਕੱਦ 5'-10", Computer ਡਿਪਲੋਮਾ, ਵੀਜ਼ਿਟਰ ਵੀਜ਼ੇ ਤੇ ਆਏ ਲੜਕੇ ਲਈ P.R ਜਾਂ citizen ਲੜਕੀ ਦੀ ਲੋੜ ਹੈ। ਲੜਕੇ ਦੀਆਂ ਭੈਣਾ ਕੈਨੇਡਾ ਵਿੱਚ ਸੈਟਲਡ ਹਨ। ਮਾਂ ਪਿਉ Super Visa ਤੇ ਹਨ । ਕਿਰਪਾ ਕਰਕੇ ਸੰਪਰਕ ਕਰੋ- 647-721-4039

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 । 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਦਿੱਲੀ ਵਿਚ ਨਜਮੇ ਤੇ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ 47 ਸਾਲਾ ਦੇ ਜਵਾਨ ਲੜਕੇ ਲਈ ਇਕ ਸਿਹਤਮੰਦ ਜੀਵਨ ਸਾਥਣ ਉਮਰ ਲਗ ਭਗ 40 ਸਾਲ ਦੀ ਲੋੜ ਹੈ। ਲੜਕੇ ਦੇ ਦਿੱਲੀ, ਨਿਊਯਾਰਕ ਤੇ ਬਰੈਂਪਟਨ ਵਿਚ ਆਪਣੇ ਰਿਹਾਇਸ਼ੀ ਘਰ ਹਨ। ਨਿਊਯਾਰਕ ਮੈਨਹਟਨ ਵਿਚ ਆਪਣਾ ਮੋਬਾਈਲ ਤੇ ਇਲੈਕਟਰੌਨਿਕ ਦਾ ਕਾਰੋਬਾਰ ਹੈ। ਲੜਕੀ ਕੰਮ ਕਰਦੀ, ਕੈਨੇਡਾ ਦੀ ਪੀ ਆਰ, ਨੈਤਿਕਤਾ ਭਰਪੂਰ, ਹਿੰਦੂ ਜਾਂ ਸਿੱਖ ਪਰਵਾਰ ਵਿਚੋਂ ਹੋਣੀ ਚਾਹੀਦੀ ਹੈ।
ਵਧੇਰੀ ਜਾਣਕਾਰੀ ਲਈ 516-620-0565 ਤੇ ਫੋਨ ਕਰੋ।

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ Born 1993 , ਕੱਦ 5'2", Post Graduate in Canada & GNM Nursing india ਲਈ ਲੜਕੇ ਦੀ ਲੋੜ ਹੈ। ਲੜਕੀ Canada ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਸਿਰਫ ਉਹੀ ਸੰਪਰਕ ਕਰਨ ਜੋ ਕਿ ਲੜਕੀ ਦੇ ਚਾਚੇ ਦੀ ਲੜਕੀ Born 1991 , ਕੱਦ 5'6", GNM Nursing india & Nanny Passed ਨੂੰ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ. Ontario/Malwa ਨੂੰ ਪਹਿਲ ਦਿੱਤੀ ਜਾਵੇਗੀ.
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-965-4916 | 647-548-5959

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੜਕੀ ਉਮਰ 28 ਸਾਲ, ਕੱਦ 5'4", B.SC Nursing, Diploma, ਕੈਨੇਡਾ Express Entry ਰਾਹੀ PR ਅਪਲਾਈ ਲਈ pr ਜਾਂ Work permit ਤੇ ਪੜੇ-ਲਿਖੇ ਲੜਕੇ ਦੀ ਲੋੜ ਹੈ। ਲੁਧਿਆਣਾ ਜਿਲ੍ਹੇ ਨੂੰ ਪਹਿਲ ।
ਸੰਪਰਕ ਕਰੋ: 647-616-4244, 647-328-1601 ਜਾਂ
Whatsapp- 700-90-60-269

Beautiful Sikh Tonk Kshatriya Girl (M. Pharma) Dec 1988 5'4" working as Asst. Professor belongs to educated family from Amritsar seeks suitable match and well settled Sikh boy in Canada. Parents are in Canada on visitor visa.
Contact 647-624-7733 gpspreet@gmail.com


Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

Auto | Home | Business
"ਵਾਜਿਬ ਰੇਟ ਤੇ ਵਧੀਆ ਕਵਰੇਜ"
- Unbeatable Prices
- Good Rates
- Huge Discounts on Various Insurances
Harmanjeet Kaur | 905.602.1629
LUCKY INSURANCE BROKERS LIMITED | 1550 South Gateway Road, Suite #230 Mississauga, ON L4W 5G6

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay
$22 /Hour
- 7 Days Work
- All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience
Email Resume at umar.w@cellntell.com

STARLANE PAINTING
Residential • Commercial • Industrial
- Hotel • Motel • Exterior
- Interior • Spray Painting
- Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੋਆ

# ਬਾਬਿਆਂ ਦੀ ਜਕੜ ਵਿੱਚ ਕਿਉਂ ਹੈ ਭਾਰਤੀ ਸਮਾਜ

-ਰੋਹਿਤ ਕੌਸ਼ਿਕ-

ਪਿਛਲੇ ਦਿਨੀਂ ਦਿੱਲੀ ਦੇ ਦਾਤੀ ਮਹਾਰਾਜ 'ਤੇ ਬਲਾਤਕਾਰ ਦਾ ਦੋਸ਼ ਲੱਗਾ। ਇਸ ਸਿਲਸਿਲੇ ਵਿੱਚ ਬਾਪੂ ਆਸਾ ਰਾਮ, ਰਾਮਪਾਲ, ਗੁਰਮੀਤ ਰਾਮ ਰਹੀਮ ਅਤੇ ਵੀਰੇਂਦਰ ਦੇਵ ਦੀਕਸ਼ਿਤ ਵਰਗੇ ਬਾਬਿਆਂ ਦੀ ਲੰਮੀ ਸੂਚੀ ਸਾਡੇ ਸਾਹਮਣੇ ਹੈ। ਦੂਜੇ ਪਾਸੇ ਬਹੁਚਰਚਿਤ ਅਧਿਆਤਮਕ ਗੁਰੂ ਭਾਈਯੂ ਜੀ ਮਹਾਰਾਜ ਦੇ ਅਚਾਨਕ ਖੁਦਕੁਸ਼ੀ ਕਰ ਲੈਣ ਦੀ ਖਬਰ ਵੀ ਬਾਬਿਆਂ ਦੇ ਰਵੱਈਏ 'ਤੇ ਸਵਾਲੀਆ ਨਿਸ਼ਾਨ ਲਾ ਰਹੀ ਹੈ।

ਸਵਾਲ ਇਹ ਹੈ ਕਿ ਇਸ ਦੌਰ 'ਚ ਵੀ ਸਮਾਜ ਢੌਂਗੀ ਬਾਬਿਆਂ ਦੀ ਜਕੜ ਵਿੱਚ ਕਿਉਂ ਹੈ? ਦੇਸ਼ ਵਿੱਚ ਪ੍ਰਭਾਵ ਵਾਲੇ ਲੋਕਾਂ, ਨੇਤਾਵਾਂ ਅਤੇ ਬਾਬਿਆਂ ਦਾ ਗਠਜੋੜ ਸਮਾਜ ਵਿੱਚ ਵਖਰੇਵਾਂ ਪੈਦਾ ਕਰ ਰਿਹਾ ਹੈ। ਇਸ ਦੌਰ ਵਿੱਚ ਧਾਰਮਿਕ ਆਸ਼ਰਮਾਂ ਦੇ ਪੈਰੋਕਾਰਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ, ਇਸੇ ਲਈ ਸਾਰੀਆਂ ਸਿਆਸੀ ਪਾਰਟੀਆਂ ਤੇ ਉਨ੍ਹਾਂ ਦੇ ਆਗੂ ਇਨ੍ਹਾਂ ਆਸ਼ਰਮਾਂ ਨੂੰ ਆਪਣੇ ਪੱਖ ਵਿੱਚ ਕਰਨਾ ਚਾਹੁੰਦੇ ਹਨ। ਇਸੇ ਇੱਛਾ ਵਿੱਚ ਧਾਰਮਿਕ ਆਸ਼ਰਮਾਂ ਦੀਆਂ ਨਾਜਾਇਜ਼ ਕਾਰਗੁਜ਼ਾਰੀਆਂ ਨੂੰ ਅਣਡਿੱਠ ਕੀਤਾ ਜਾਂਦਾ ਹੈ। ਦੂਜੇ ਪਾਸੇ ਆਸ਼ਰਮਾਂ ਦੇ ਮੁਖੀ ਆਪਣੇ ਪੈਰੋਕਾਰਾਂ ਨੂੰ ਮਨੋ ਵਿਗਿਆਨਕ ਤੌਰ 'ਤੇ ਏਦਾਂ ਜਕੜ ਲੈਂਦੇ ਹਨ ਕਿ ਪੈਰੋਕਾਰ ਆਪਣੇ ਮੁਖੀ ਵਿਰੁੱਧ ਕੋਈ ਗੱਲ ਸੁਣਨਾ ਹੀ ਨਹੀਂ ਚਾਹੁੰਦੇ।

ਅਸਲ ਵਿੱਚ ਬਾਜ਼ਾਰਵਾਦ ਦੇ ਦੌਰ ਵਿੱਚ ਅਧਿਆਤਮ ਦਾ ਜਿਸ ਤਰ੍ਹਾਂ ਬਾਜ਼ਾਰੀਕਰਨ ਕੀਤਾ ਜਾ ਰਿਹਾ ਹੈ, ਉਹ ਮੰਦਭਾਗਾ ਹੈ। ਅਧਿਆਤਮ ਦੇ ਬਾਜ਼ਾਰੀਕਰਨ ਨਾਲ ਲੋਕਾਂ ਨੂੰ ਮੂਰਖ ਬਣਾਇਆ ਜਾ ਰਿਹਾ ਹੈ। ਧਰਮ ਦੇ ਨਾਂਅ 'ਤੇ ਬਹੁਤੇ ਬਾਬਿਆਂ ਵੱਲੋਂ ਜੋ ਕੁਝ ਕੀਤਾ ਜਾ ਰਿਹਾ ਹੈ, ਉਹ ਕਿਸੇ ਵੀ ਲਿਹਾਜ਼ ਨਾਲ ਧਰਮ ਦੇ ਘੇਰੇ ਵਿੱਚ ਨਹੀਂ ਆਉਂਦਾ।

ਬਾਬਿਆਂ ਵੱਲੋਂ ਮੋਹ-ਮਾਇਆ ਨੂੰ ਤਿਆਗਣ ਦੇ ਪ੍ਰਵਚਨ ਦੇਣਾ ਤੇ ਨਿੱਜੀ ਜੀਵਨ ਵਿੱਚ ਇਸ ਅਸੂਲ ਨੂੰ ਆਪ ਨਾ ਅਪਣਾਉਣਾ ਆਮ ਗੱਲ ਹੋ ਗਈ ਹੈ। ਹੌਲੀ-ਹੌਲੀ ਅਜਿਹਾ ਤੰਤਰ ਵਿਕਸਿਤ ਹੋ ਰਿਹਾ ਹੈ, ਜੋ ਆਪਣੀ ਸਮੁੱਚੀ ਤਾਕਤ ਲਾ ਕੇ ਧਰਮ ਦਾ ਵਪਾਰੀਕਰਨ ਕਰਨਾ ਚਾਹੁੰਦਾ ਹੈ। ਇਹ ਤੰਤਰ ਕਾਫੀ ਹੱਦ ਤੱਕ ਆਪਣੇ ਉਦੇਸ਼ ਵਿੱਚ ਸਫਲ ਹੋ ਰਿਹਾ ਹੈ ਤੇ ਇਸੇ ਕਾਰਨ ਅੱਜ ਧਰਮ ਕੁਲਵਕਤੀ ਵਪਾਰ ਬਣ ਗਿਆ ਹੈ।

ਅਜਿਹਾ ਨਹੀਂ ਕਿ ਆਪਣੇ ਲੁਕੇ ਸੁਆਰਥਾਂ ਲਈ ਧਰਮ ਦੀ ਦੁਰਵਰਤੋਂ ਸਿਰਫ ਇਸੇ ਦੌਰ ਵਿੱਚ ਕੀਤੀ ਜਾ ਰਹੀ ਹੈ। ਅਸਲ ਵਿੱਚ ਧਰਮ ਦੇ ਨਾਂ ਅਤੇ ਲੋਕਾਂ ਨੂੰ ਮੂਰਖ ਬਣਾਉਣ ਦਾ ਸਿਲਸਿਲਾ ਪ੍ਰਾਚੀਨ ਕਾਲ ਤੋਂ ਚੱਲਦਾ ਰਿਹਾ ਹੈ। ਅੱਜ ਹਾਲਤ ਇਹ ਹੈ ਕਿ ਧਰਮ ਦੇ ਸਹਾਰੇ ਵੱਖ-ਵੱਖ ਸੰਸਥਾਵਾਂ ਅਥਾਹ ਧਨ-ਦੌਲਤ ਬਟੋਰ ਰਹੀਆਂ ਹਨ। ਹਰ ਕਿਸੇ ਨੂੰ ਧਰਮ ਇੱਕ ਅਜਿਹਾ ਸਾਧਨ ਦਿਖਾਈ ਦੇ ਰਿਹਾ ਹੈ, ਜਿੱਥੇ 100 ਫੀਸਦੀ ਸਫਲਤਾ ਦੀ ਗਾਰੰਟੀ ਹੈ। ਸਿਆਸੀ ਪਾਰਟੀਆਂ ਵੀ ਇਸ ਵਿਚਾਰਧਾਰਾ ਤੋਂ ਅਛੂਤੀਆਂ ਨਹੀਂ। ਉਹ ਵੀ ਧਰਮ ਦੇ ਨਾਂਅ 'ਤੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਰਹੀਆਂ ਹਨ।

ਧਰਮ ਦੇ ਇਸ ਬਦਲੇ ਹੋਏ ਰੂਪ ਨੇ ਸਾਨੂੰ ਅਜਿਹੇ ਚੌਰਾਹੇ 'ਤੇ ਲਿਆ ਖੜ੍ਹੇ ਕੀਤਾ ਹੈ, ਜਿੱਥੇ ਸਾਡੇ ਤੋਂ ਇਹੋ ਤੈਅ ਨਹੀਂ ਹੋ ਰਿਹਾ ਕਿ ਅਸੀਂ ਕਿਸ ਰਾਹ ਉਤੇ ਅੱਗੇ ਵਧਣਾ ਹੈ। ਸਵਾਲ ਇਹ ਹੈ ਕਿ ਸਾਡੇ ਅਧਿਆਤਮਕ ਆਕੇ ਕਦੋਂ ਤੱਕ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਦੇ ਰਹਿਣਗੇ ਅਤੇ ਅਸੀਂ ਕਦੋਂ ਤੱਕ ਉਨ੍ਹਾਂ ਦੀਆਂ ਸ਼ੱਕੀ ਕਾਰਗੁਜ਼ਾਰੀਆਂ ਨੂੰ ਅਣਡਿੱਠ ਕਰਦੇ ਰਹਾਂਗੇ? ਜੇ ਧਰਮ ਦਾ ਵਪਾਰੀਕਰਨ/ਬਾਜ਼ਾਰੀਕਰਨ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਉਹ ਦਿਨ ਦੂਰ ਨਹੀਂ, ਜਦੋਂ ਇਸ ਸਮਾਜ 'ਚੋਂ ਬਚੀ-ਖੁਚੀ ਨੈਤਿਕਤਾ ਵੀ ਖਤਮ ਹੋ ਜਾਵੇਗੀ। ਇਸ ਗੱਲ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਉਦੋਂ ਫਿਰ ਸਮਾਜ ਦੀ ਹਾਲਤ ਕੀ ਹੋਵੇਗੀ?

ਇਸ ਦੌਰ ਵਿੱਚ ਬਾਬਿਆਂ 'ਤੇ ਯੌਨ ਸ਼ੋਸ਼ਣ ਦੇ ਦੋਸ਼ ਲੱਗਣਾ ਆਮ ਗੱਲ ਹੋ ਗਈ ਹੈ। ਬਾਬਿਆਂ ਦਾ ਇੱਕ ਵਰਗ ਸੁੱਖ-ਸਹੂਲਤਾਂ ਨਾਲ ਭਰਪੂਰ ਜਿਸ ਮਾਹੌਲ ਵਿੱਚ ਰਹਿ ਰਿਹਾ ਹੈ, ਉਥੇ ਵਾਸਨਾ ਦੇ ਬੀਜ ਫੁੱਟਣਾ ਕੋਈ ਵੱਡੀ ਗੱਲ ਨਹੀਂ। ਜੇ ਅੱਜ ਬਾਬੇ ਅਤੇ ਸਾਧੂ-ਸੰਤ ਕਾਮ ਵਾਸਨਾ ਪੂਰੀ ਕਰਨ ਲਈ ਆਪਣੀ ਤਾਕਤ ਦੀ ਦੁਰਵਰਤੋਂ ਕਰਨ ਲੱਗ ਪੈਣਗੇ ਤਾਂ ਆਉਣ ਵਾਲੀ ਪੀੜ੍ਹੀ ਨੂੰ ਅਸੀਂ ਨੈਤਿਕਤਾ ਦੀ ਸਿਖਿਆ ਕਿਸ ਮੂੰਹ ਨਾਲ ਦੇਵਾਂਗੇ? ਸਭਿਆਚਾਰਕ ਨਿਘਾਰ ਦੇ ਇਸ ਦੌਰ ਵਿੱਚ ਸੰਤ ਸਮਾਜ ਆਪਣੀ ਸਹੀ ਭੂਮਿਕਾ ਤਦੇ ਨਿਭਾਅ ਸਕੇਗਾ, ਜਦੋਂ ਉਹ ਸੰਤ ਦੀ ਪਰਿਭਾਸ਼ਾ ਨੂੰ ਪੂਰੀ ਤਰ੍ਹਾਂ ਸਮਝੇਗਾ। ਭਗਵੇਂ ਕੱਪੜਿਆਂ ਵਿੱਚ ਅਜਿਹੇ ਘਿਨਾਉਣੇ ਕਾਰਨਾਮੇ ਕਰਨ ਵਾਲੇ ਲੋਕ 'ਸੰਤ' ਬਿਲਕੁਲ ਨਹੀਂ ਹੋ ਸਕਦੇ।



ਸਮਾਂ ਆ ਗਿਆ ਹੈ ਕਿ ਸੰਤ ਸਮਾਜ ਖੁਦ ਹੀ ਆਪਣੇ ਵਿੱਚੋਂ ਅਜਿਹੀਆਂ ਕਰਤੂਤਾਂ ਕਰਨ ਵਾਲੇ ਸ਼ੈਤਾਨਾਂ ਨੂੰ ਬਾਹਰ ਕੱਢ ਕੇ ਵੱਖਰੀ ਕਤਾਰ ਵਿੱਚ ਖੜ੍ਹਾ ਕਰੇ। ਧਰਮ ਦੇ ਨਾਂਅ 'ਤੇ ਯੌਨ ਸ਼ੋਸ਼ਣ ਅਤੇ ਸਾਧੂ-ਸੰਤਾਂ ਦੇ ਨਾਂਅ ਨੂੰ ਕਲੰਕਿਤ ਕਰਨ ਦੀ ਇਜਾਜ਼ਤ ਕਿਸੇ ਨੂੰ ਵੀ ਨਹੀਂ ਦਿੱਤੀ ਜਾ ਸਕਦੀ। ਅੱਜ ਆਧੁਨਿਕ ਸਾਧੂ-ਸੰਤ ਤੇ ਬਾਬੇ ਜਿਸ ਤਰ੍ਹਾਂ ਦਾ ਐਸ਼ੋ-ਆਰਾਮ ਵਾਲਾ ਜੀਵਨ ਜੀਅ ਰਹੇ ਹਨ, ਉਸ ਨੂੰ ਦੇਖ ਕੇ ਹੈਰਾਨੀ ਹੁੰਦੀ ਹੈ। ਸਾਧੂਆਂ-ਸੰਤਾਂ ਦੇ ਆਸ਼ਰਮਾਂ ਨੂੰ ਜੇ ਮਹੱਲ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਸਾਧੂਆਂ-ਸੰਤਾਂ ਦੇ ਵੱਖ-ਵੱਖ ਆਸ਼ਰਮ, ਅਖਾੜੇ ਤੇ ਮੱਠ ਜਿਵੇਂ ਗੰਦੀ ਸਿਆਸਤ ਦਾ ਸ਼ਿਕਾਰ ਹੋ ਰਹੇ ਹਨ, ਉਹ ਵੀ ਮੰਦਭਾਗਾ ਹੈ। ਮੱਠਾਂ ਦੇ ਮੁਖੀ ਬਣਨ ਲਈ ਸਾਧੂਆਂ-ਸੰਤਾਂ ਵਿਚਾਲੇ ਜਿਸ ਤਰ੍ਹਾਂ ਦਾ ਸ਼ਕਤੀ ਪ੍ਰਦਰਸ਼ਨ ਹੁੰਦਾ ਹੈ, ਉਸ ਨੂੰ ਦੇਖ ਕੇ ਇਹ ਅੰਦਾਜ਼ਾ ਵੀ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਲੋਕਾਂ ਨੂੰ 'ਸਹੀ ਰਸਤਾ' ਦਿਖਾਉਣ ਵਾਲਾ ਇਹ ਭਾਈਚਾਰਾ ਜਾਂ ਸੰਤ ਸਮਾਜ ਕਿਸ ਤਰ੍ਹਾਂ ਖੁਦ ਹੀ ਆਪਣੇ ਰਾਹ ਤੋਂ ਭਟਕ ਚੁੱਕਾ ਹੈ।

ਸਾਧੂ-ਸੰਤ ਜਿਸ ਰਫਤਾਰ ਨਾਲ ਸਿਆ-ਸਤ ਵਿੱਚ ਆ ਰਹੇ ਹਨ, ਉਹ ਵੀ ਇਸ ਸਮਾਜ ਲਈ ਸ਼ੁੱਭ ਸੰਕੇਤ ਨਹੀਂ ਹੈ। ਜਦੋਂ ਸਾਧੂ-ਸੰਤ ਸਿਆਸਤ ਵਿੱਚ ਆਉਂਦੇ ਹਨ ਤਾਂ ਉਨ੍ਹਾਂ ਦਾ ਕਹਿਣਾ ਹੁੰਦਾ ਹੈ ਕਿ ਧਰਮ ਦੀ ਘਾਟ ਕਾਰਨ ਸਿਆਸਤ ਅੱਜ ਗਲਤ ਰਾਹ 'ਤੇ ਜਾ ਰਹੀ ਹੈ ਅਤੇ ਧਰਮ ਦੇ ਜ਼ਰੀਏ ਸਿਆਸਤ ਨੂੰ ਇੱਕ ਨਵੀਂ ਦਿਸ਼ਾ ਦੇਣ ਲਈ ਹੀ ਉਹ ਸਿਆਸਤ ਵਿੱਚ ਆਏ ਹਨ। ਜਦੋਂ ਧਰਮ ਦੇ ਰਖਵਾਲੇ ਸਿਆਸਤ ਵਿੱਚ ਆਉਂਦੇ ਹਨ ਤਾਂ ਉਹ ਸਿਆਸਤ ਨੂੰ ਸਹੀ ਦਿਸ਼ਾ ਦਿਖਾਉਣ ਦੀ ਬਜਾਏ ਖੁਦ ਇਸ ਦੇ ਜ਼ਰੀਏ ਭੌਤਿਕ ਸੰਤੁਸ਼ਟੀ ਦਾ ਰਾਹ ਲੱਭਦੇ ਹਨ। ਸਾਰੀ ਪ੍ਰਕਿਰਿਆ ਵਿੱਚ ਧਰਮ ਨਾਅਰਿਆਂ ਤੇ ਅਖੌਤੀ ਉਪਦੇਸ਼ਾਂ ਤੱਕ ਸੀਮਿਤ ਰਹਿੰਦਾ ਹੈ। ਸਾਡੇ ਦੇਸ਼ ਦੀ ਸਿਆਸਤ ਦੀ ਸਭ ਤੋਂ ਵੱਡੀ ਬਦਕਿਸਮਤੀ ਇਹੋ ਹੈ ਕਿ ਇਹ ਖੋਖਲੇ ਆਦਰਸਵਾਦ ਦੀ ਸਥਿਤੀ 'ਚੋਂ ਬਾਹਰ ਨਹੀਂ ਨਿਕਲ ਰਹੀ। ਸਾਧੂਆਂ-ਸੰਤਾਂ ਅਤੇ ਉਨ੍ਹਾਂ ਦੇ ਪਿਛਲੱਗੂ ਧਰਮ ਦੇ ਕੁਝ ਠੇਕੇਦਾਰਾਂ ਨੇ ਇਹ ਗੱਲ ਚੰਗੀ ਤਰ੍ਹਾਂ ਸਮਝ ਲਈ ਹੈ ਕਿ ਭਾਰਤ ਦੇ ਲੋਕ ਧਰਮ ਦੇ ਨਾਂਅ 'ਤੇ ਅੱਖਾਂ ਮੀਚ ਕੇ ਬਿਨਾਂ ਕੁਝ ਸੋਚੇ ਆਪਣੀਆਂ ਸਾਰੀਆਂ ਹੱਦਾਂ ਪਾਰ ਕਰ ਸਕਦੇ ਹਨ।

ਵਪਾਰੀਕਰਨ ਅਤੇ ਮੁਸ਼ਕਿਲ ਮੁਕਾਬਲੇਬਾਜ਼ੀ ਦੇ ਇਸ ਦੌਰ ਵਿੱਚ ਅੱਜ ਹਰੇਕ ਆਦਮੀ ਕਿਸੇ ਨਾ ਕਿਸੇ ਰੂਪ ਵਿੱਚ ਮਾਨਸਿਕ ਤਣਾਅ ਝੱਲ ਰਿਹਾ ਹੈ ਤੇ ਦੂਜੇ ਪਾਸੇ ਲੋਕਾਂ ਦਾ ਇੱਕ ਵੱਡਾ ਵਰਗ ਧਰਮ ਅਤੇ ਅਧਿਆਤਮ ਦੇ ਸਹਾਰੇ ਇਸ ਮਾਨਸਿਕ ਤਣਾਅ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਧਰਮ ਦੇ ਠੇਕੇਦਾਰਾਂ ਨੇ ਸੰਘਰਸ਼ ਨਾਲ ਜੂਝਦੇ ਆਮ ਆਦਮੀ ਦੀ ਪ੍ਰੇਸ਼ਾਨੀ ਨੂੰ ਬਾਖੂਬੀ ਸਮਝ ਲਿਆ ਹੈ ਤੇ ਉਹ ਇਸੇ ਦੇ ਸਹਾਰੇ ਆਪਣਾ ਧੰਦਾ ਚਲਾ ਰਿਹਾ ਹੈ। ਪ੍ਰਸਿੱਧ ਸੰਤਾਂ ਦੇ ਜ਼ਰੀਏ ਵੱਡੇ-ਵੱਡੇ ਬਜਟ ਵਾਲੀਆਂ ਕਥਾਵਾਂ ਆਯੋਜਤ ਕਰਾਉਣਾ ਵੀ ਇਸੇ ਤਰ੍ਹਾਂ ਦਾ ਇੱਕ ਧੰਦਾ ਹੈ। ਇਨ੍ਹਾਂ ਕਥਾਵਾਂ ਦਾ ਪ੍ਰਵਚਨ ਕਰਨ ਵਾਲੇ ਸੰਤ ਤੇ ਆਯੋਜਕ ਖੁਦ ਕਥਾਵਾਂ ਵਿੱਚ ਕਹੀਆਂ ਗੱਲਾਂ 'ਤੇ ਅਮਲ ਨਹੀਂ ਕਰਦੇ, ਫਿਰ ਕਥਾਵਾਂ ਸੁਣਨ ਵਾਲਿਆਂ ਤੋਂ ਇਹ ਆਸ ਕਿਵੇਂ ਕੀਤੀ ਜਾ ਸਕਦੀ ਹੈ ਕਿ ਉਨ੍ਹਾਂ 'ਤੇ ਕਥਾਵਾਂ ਦੇ ਪ੍ਰਵਚਨਾਂ ਦਾ ਚੰਗਾ ਅਸਰ ਪਵੇਗਾ? ਇਸੇ ਕਾਰਨ ਇਨ੍ਹਾਂ ਕਥਾਵਾਂ ਦਾ ਆਯੋਜਨ ਸਮਾਜ ਨੂੰ ਅੱਜ ਕੋਈ ਨਵੀਂ ਦਿਸ਼ਾ ਨਹੀਂ ਦੇ ਰਿਹਾ। ਪੰਡਾਲ ਵਿੱਚ ਬੈਠ ਕੇ ਪ੍ਰਵਚਨ ਸੁਣਦੇ ਸਮੇਂ ਸਾਨੂੰ ਸਭ ਕੁਝ ਸਹੀ ਲੱਗਦਾ ਹੈ, ਪਰ ਉਥੋਂ ਬਾਹਰ ਆਉਂਦਿਆਂ ਹੀ ਫਿਰ ਪੁਰਾਣੇ ਆਚਰਣ 'ਤੇ ਆ ਜਾਂਦੇ ਹਾਂ।

ਅਸਲ ਵਿੱਚ ਬਾਬਿਆਂ ਤੇ ਧਰਮ ਆਚਾਰੀਆ ਵੱਲੋਂ ਜਿਸ ਤਰ੍ਹਾਂ ਦਾ ਖੋਖਲਾ ਆਦਰਸ਼ਵਾਦ ਪੈਦਾ ਕੀਤਾ ਜਾ ਰਿਹਾ ਹੈ, ਉਸ ਦਾ ਸਿੱਧਾ ਅਸਰ ਸਾਡੇ ਸਮਾਜ 'ਤੇ ਪੈ ਰਿਹਾ ਹੈ। ਸਮਾਂ ਆ ਗਿਆ ਹੈ ਕਿ ਅਸੀਂ ਧਰਮ ਦੇ ਨਾਂਅ 'ਤੇ ਕਿਸੇ ਸਾਧੂ-ਸੰਤ ਜਾਂ ਬਾਬੇ ਦੀਆਂ ਗੱਲਾਂ 'ਤੇ ਅੱਖਾਂ ਮੀਚ ਕੇ ਭਰੋਸਾ ਕਰਨ ਤੋਂ ਪਹਿਲਾਂ ਆਪਣੇ ਦਿਮਾਗ ਦੀਆਂ ਖਿੜਕੀਆਂ ਖੋਲ੍ਹੀਏ। ਆਪਣੇ ਤੇ ਸਮਾਜ ਦੇ ਭਲੇ ਲਈ ਸਾਨੂੰ ਆਪਣੇ ਅੰਦਰ ਵਿਗਿਆਨਕ ਚੇਤਨਾ ਦਾ ਵਿਕਾਸ ਕਰਨਾ ਪਵੇਗਾ, ਨਹੀਂ ਤਾਂ ਵਿਗਿਆਨਕ ਸੋਚ ਦੀ ਘਾਟ ਕਾਰਨ ਭਵਿੱਖ ਵਿੱਚ ਅਖੌਤੀ, ਢੌਂਗੀ ਬਾਬੇ, ਸਾਧੂ-ਸੰਤ ਲੋਕਾਂ ਨੂੰ ਮੂਰਖ ਬਣਾਉਂਦੇ ਰਹਿਣਗੇ।

# ਮਾਣੋ ਜ਼ਿੰਦਗੀ ਦੇ ਰੰਗ

-ਅਜੀਤ ਸਿੰਘ ਚੰਦਨ

ਇਨਸਾਨ ਕਿੰਨੀ ਵੀ ਲੰਬੀ ਉਮਰ ਭੋਗ ਲਵੇ, ਉਸ ਦਾ ਮਰਨ ਨੂੰ ਦਿਲ ਨਹੀਂ ਕਰਦਾ। ਕਈ 80, 90 ਸਾਲ ਦੇ ਬਜ਼ੁਰਗ ਸੋਟੀ ਦੇ ਸਹਾਰੇ ਤੁਰਦੇ ਜਾਂ ਪੈਰ ਘਸੀਟਦੇ ਵੇਖੇ ਜਾ ਸਕਦੇ ਹਨ। ਇਸ ਦੇ ਉਲਟ ਪਹਾੜਾਂ 'ਤੇ ਉਗੇ ਚੈਰੀ ਦੇ ਫੁੱਲ ਪੂਰੇ ਜੋਬਨ 'ਤੇ ਆ ਕੇ ਹਾਸੇ ਵੰਡਦੇ ਹਨ ਤੇ ਫਿਰ ਚੁੱਪ ਚੁਪੀਤੇ ਗਰਮੀ ਦੀ ਰੁੱਤ ਵਿੱਚ ਟਾਹਣੀਆਂ ਨਾਲੋਂ ਵੱਖ ਹੋ ਕੇ ਧਰਤੀ 'ਤੇ ਡਿੱਗ ਪੈਂਦੇ ਹਨ। ਇਨਸਾਨ ਦੀ ਜ਼ਿੰਦਗੀ ਚੜ੍ਹਦੀ ਉਮਰ ਵਿੱਚ ਪਾਣੀਆਂ ਦੇ ਵੇਗ ਵਰਗੀ ਹੈ। ਨੌਜਵਾਨ ਇਸ ਜਵਾਨੀ ਦੇ ਜ਼ੋਰ ਕਾਰਨ ਹੀ ਜਣੇ ਖਣੇ ਨੂੰ ਲਲਕਾਰਦੇ ਤੇ ਲੜਨ ਲਈ ਝੱਟ ਤਿਆਰ ਹੋ ਜਾਂਦੇ ਹਨ। ਕਈ ਇਸ ਜਵਾਨੀ ਮਸਤਾਨੀ ਦੇ ਜ਼ੋਰ ਕਾਰਨ ਖੂਨ ਤੱਕ ਕਰ ਦਿੰਦੇ ਹਨ ਤੇ ਫਿਰ ਜੇਲ੍ਹਾਂ ਭੁਗਤਦੇ ਹਨ। ਜਿੰਨਾ ਚਿਰ ਇਨਸਾਨ ਮੜ੍ਹਕ ਨਾਲ ਤੁਰਦਾ ਹੈ ਤੇ ਜਿਉਂਦਾ ਹੈ, ਉਹੀ ਉਮਰ ਮਾਨਣ ਯੋਗ ਤੇ ਖੂਬਸੂਰਤ ਹੁੰਦੀ ਹੈ।

ਕਈ ਅਲਬੇਲੇ ਗੱਭਰੂ ਜਵਾਨੀ ਵਿੱਚ ਸੋਹਣੀ ਜ਼ਿੰਦਗੀ ਗੁਜ਼ਾਰਦੇ ਤੇ ਵਿਆਹ ਕਰ ਕੇ ਆਪਣੀਆਂ ਜ਼ਿੰਮੇਵਾਰੀਆਂ ਵੀ ਚੁੱਕਦੇ ਹਨ। ਬੱਚੇ ਪਾਲਦੇ ਅਤੇ ਪੜ੍ਹਾਉਂਦੇ ਹਨ ਤੇ ਘਰਵਾਲੀ ਨਾਲ ਮਿਲ ਕੇ ਮਹਿਲ ਉਸਾਰਦੇ ਹਨ। ਅੱਖੜ ਸੁਭਾਅ ਅਤੇ ਗੈਰ ਜ਼ਿੰਮੇਵਾਰ ਗੱਭਰੂ ਕਦੇ ਵੀ ਸੋਹਣੀ ਜ਼ਿੰਦਗੀ ਨਹੀਂ ਗੁਜ਼ਾਰਦੇ। ਉਹ ਸਦਾ ਜ਼ਿੰਦਗੀ ਤੋਂ ਭਗੌੜੇ ਬਣੇ ਰਹਿੰਦੇ ਹਨ। ਘਰ ਦਿਆਂ ਦੇ ਆਖੇ ਨਾ ਲੱਗ ਕੇ ਨਮੋਸ਼ੀਆਂ ਖੱਟਦੇ ਹਨ। ਜੇ ਵਿਆਹ ਕਰਵਾ ਲੈਣ ਤਾਂ ਘਰਵਾਲੀ ਨੂੰ ਪੂਰਾ ਪਿਆਰ ਨਹੀਂ ਦਿੰਦੇ, ਸਗੋਂ ਸਾਰੇ ਪਰਵਾਰ ਨੂੰ ਫਾਹੇ ਟੰਗੀ ਰੱਖਦੇ ਹਨ। ਅਜਿਹੇ ਅੱਖੜ ਸੁਭਾਅ ਗੱਭਰੂ ਕਈ ਵਾਰ ਨਸ਼ੇ ਕਰਕੇ ਜ਼ਿੰਦਗੀ ਤਬਾਹ ਕਰ ਲੈਂਦੇ ਹਨ। ਜ਼ਿੰਦਗੀ ਬਰਬਾਦ ਕਰਨ ਤੋਂ ਬਾਅਦ ਉਨ੍ਹਾਂ ਦੇ ਪੱਲੇ ਸਿਵਾਏ ਪਛਤਾਵੇ ਦੇ ਕੁਝ ਨਹੀਂ ਰਹਿੰਦਾ। ਅਜਿਹੇ ਇਨਸਾਨ ਕਈ ਵਾਰ ਖੁਦਕੁਸ਼ੀ ਕਰਕੇ ਜ਼ਿੰਦਗੀ ਤੋਂ ਛੁਟਕਾਰਾ ਭਾਲਦੇ ਹਨ।

ਲੰਬੀ ਉਮਰ ਉਹੀ ਇਨਸਾਨ ਭੋਗਦੇ ਹਨ, ਜਿਨ੍ਹਾਂ ਨੇ ਜਵਾਨੀ ਵੇਲੇ ਮਿਹਨਤਾਂ ਕਰਕੇ ਜ਼ਿੰਦਗੀ ਨੂੰ ਸੋਹਣੇ ਢੰਗ ਨਾਲ ਗੁਜ਼ਾਰਿਆ ਹੋਵੇ। ਮਿਹਨਤਾਂ, ਮੁਸ਼ੱਕਤਾਂ ਕਰਕੇ ਆਪਣੀ ਜ਼ਿੰਦਗੀ ਨੂੰ ਸਿੱਧੇ ਰਾਹ ਪਾ ਕੇ ਮੰਜ਼ਿਲਾਂ ਤੈਅ ਕੀਤੀਆਂ ਹੋਣ। ਜ਼ਿੰਦਗੀ ਵਿੱਚ ਜੇ ਕੋਈ ਗਲਤੀ ਕੀਤੀ ਵੀ ਹੋਵੇ ਤਾਂ ਸਮੇਂ ਸਿਰ ਉਸ ਗਲਤੀ ਨੂੰ ਸੁਧਾਰ ਕੇ ਸਿੱਧੇ ਰਾਹ ਪੈ ਜਾਂਦੇ ਹਨ। ਹਰ ਇਨਸਾਨ ਗਲਤੀ ਕਰਦਾ ਹੈ, ਪਰ ਇਸ ਗਲਤੀ ਨੂੰ ਮੰਨ ਕੇ ਸਿੱਧੇ ਰਾਹ ਪੈ ਜਾਣਾ ਬੜਾ ਜ਼ਰੂਰੀ ਹੈ।

ਨਿਮਰਤਾ, ਹਲੀਮੀ ਤੇ ਸਦਭਾਵਨਾ ਵਰਗੇ ਗੁਣ ਤਦੇ ਪੈਦਾ ਹੁੰਦੇ ਹਨ, ਜੇ ਬਚਪਨ ਦੀ ਉਮਰ ਵਿੱਚ ਹੀ ਬਾਲਕ ਨੂੰ ਕੋਈ ਪੀਰ ਮੁਰਸ਼ਦ ਤੇ ਚੰਗਾ ਉਸਤਾਦ ਮਿਲ ਜਾਵੇ। ਚੰਗੇ ਉਸਤਾਦ ਦਾ ਚੰਡਿਆ ਬਾਲਕ ਸਾਰੀ ਉਮਰ ਕੋਈ ਗਲਤੀ ਨਹੀਂ ਕਰਦਾ, ਪਰ ਬਿਨਾਂ ਗੁਰੂ ਗਿਆਨ ਹਾਸਲ ਨਹੀਂ ਕੀਤਾ ਜਾ ਸਕਦਾ। ਕਈ ਇਨਸਾਨ ਔਝੜ ਰਾਹ ਪੈ ਕੇ ਜ਼ਿੰਦਗੀ ਦਾ ਕਾਫੀ ਸਮਾਂ ਬਰਬਾਦ ਕਰ ਲੈਂਦੇ ਹਨ, ਪਰ ਅਖੀਰਲੀ ਉਮਰ ਵਿੱਚ ਸੁਧਰ ਕੇ ਸਿੱਧੇ ਰਾਹ ਪੈ ਜਾਂਦੇ ਹਨ। ਗਲਤੀ ਕਰਕੇ ਤੇ ਨਸ਼ੇ ਕਰਕੇ ਜਦ ਅੱਧੀ ਉਮਰ ਚਲੀ ਗਈ ਤਾਂ ਬਾਕੀ ਸਿਰਫ ਪਛਤਾਵਾ ਰਹਿ ਜਾਂਦਾ ਹੈ।

ਲੰਬੀਆਂ ਉਮਰਾਂ ਭੋਗਣ ਵਾਲੇ ਇਨਸਾਨ ਬਚਪਨ ਤੋਂ ਸਾਧੂ ਬਿਰਤੀ ਦੇ ਹੁੰਦੇ ਹਨ। ਉਹ ਬਚਪਨ ਤੋਂ ਗਰੀਬੀ ਵਿੱਚ ਪਲ ਕੇ ਉਚੀਆਂ ਪੜ੍ਹਾਈਆਂ ਕਰਕੇ ਮੰਜ਼ਿਲਾਂ ਵੀ ਹਾਸਲ ਕਰ ਲੈਂਦੇ ਹਨ। ਅਜਿਹੇ ਇਨਸਾਨ ਆਪਣੀ ਬੀਤੀ ਜ਼ਿੰਦਗੀ 'ਤੇ ਫਖਰ ਵੀ ਕਰਦੇ ਹਨ, ਉਨ੍ਹਾਂ ਨੇ ਗਰੀਬੀ ਤੋਂ ਉਠ ਕੇ ਆਪਣੀ ਜ਼ਿੰਦਗੀ ਆਪ ਬਣਾਈ ਅਤੇ ਉਸਾਰੀ ਹੈ। ਮਾਂ ਬਾਪ ਦੀ ਇੱਜ਼ਤ ਕਰਕੇ ਨਾਮਣਾ ਖੱਟਿਆ ਹੈ। ਬਿਰਧ ਮਾਵਾਂ ਦੀਆਂ ਅਸੀਸਾਂ ਲਈਆਂ ਹਨ। ਸਿਆਣੇ ਕਹਿੰਦੇ ਹਨ ਕਿ ਬਿਰਧ ਮਾਂ ਤਾਂ ਰੱਬ ਦੇ ਸਮਾਨ ਹੁੰਦੀ ਹੈ। ਬਿਰਧ ਮਾਂ ਦੇ ਚਰਨਾਂ ਦੀ ਧੂੜ ਮੱਥੇ ਨੂੰ ਲਾਵੋ ਤੇ ਉਸ ਤੋਂ ਸਦਾ ਅਸੀਸਾਂ ਲਵੋ।

ਕਿਸੇ ਚੀਜ਼ ਦਾ ਵਧੇਰੇ ਲਾਲਚ ਨਾ ਕਰੋ। ਜਿਸ ਤਰ੍ਹਾਂ ਪੰਛੀ, ਪਰਿੰਦੇ ਹਰੇ ਕਚੂਰ ਰੁੱਖਾਂ ਦੀਆਂ ਠੰਢੀਆਂ ਛਾਵਾਂ ਮਾਣਦੇ ਤੇ ਕੁਦਰਤ ਵਿੱਚ ਰੰਗ ਭਰਦੇ ਹਨ, ਇਸੇ ਤਰ੍ਹਾਂ ਤੁਸੀਂ ਵੀ ਜ਼ਿੰਦਗੀ ਦੇ ਰੰਗ ਮੰਚ 'ਤੇ ਰੰਗ ਭਰੋ ਤੇ ਖੁਸ਼ੀਆਂ ਨਾਲ ਜ਼ਿੰਦਗੀ ਗੁਜ਼ਾਰੋ। ਮਿਹਨਤਾਂ, ਮੁਸ਼ੱਕਤਾਂ ਕਰਕੇ ਜ਼ਿੰਦਗੀ ਦਾ ਮਹਿਲ ਉਸਾਰੋ। ਨੌਕਰੀ ਪੇਸ਼ਾ ਹੋ ਤਾਂ ਤਨਦੇਹੀ ਨਾਲ ਨੌਕਰੀ ਕਰੋ ਤੇ ਧਨ ਕਮਾਓ। ਹੱਥਾਂ ਦੀ ਨੇਕ ਕਮਾਈ ਤੁਹਾਨੂੰ ਗਲਤ ਰਾਹ ਨਹੀਂ ਪੈਣ ਦੇਵੇਗੀ। ਆਪਣੀ ਕਮਾਈ 'ਤੇ ਹਰ ਕੋਈ ਫਖਰ ਕਰ ਸਕਦਾ ਹੈ, ਪਰ ਬਿਗਾਨਾ ਧਨ ਜਾਂ ਚੋਰੀ ਕੀਤੀ ਧਨਰਾਸ਼ੀ ਤੁਹਾਡਾ ਕੁਝ ਸੰਵਾਰਨ ਦੀ ਥਾਂ ਤੁਹਾਡਾ ਨੁਕਸਾਨ ਵਧੇਰੇ ਕਰੇਗੀ।

ਰੱਬ ਨੇ ਵੱਖ-ਵੱਖ ਰੁੱਤਾਂ ਇਸੇ ਲਈ ਬਣਾਈਆਂ ਹਨ ਕਿ ਅਸੀਂ ਇਨ੍ਹਾਂ ਦੇ ਰੰਗ ਮਾਣਦੇ ਰਹੀਏ ਤੇ ਰੁੱਤਾਂ ਦੇ ਰੰਗ ਆਪਣੀ ਜ਼ਿੰਦਗੀ ਵਿੱਚ ਭਰੀਏ ਤੇ ਤੰਦਰੁਸਤੀ ਸਾਡੇ ਅੰਗ ਸੰਗ ਰਹੇ। ਹਰ ਚੀਜ਼ ਤੇ ਹਰ ਪ੍ਰਾਣੀ ਤੇ ਇਨਸਾਨ ਨੇ ਆਪਣੀ ਪੂਰੀ ਉਮਰ ਭੋਗ ਕੇ ਇਕ ਦਿਨ ਅੱਖਾਂ ਮੀਚਣੀਆਂ ਹਨ। ਸੰਸਾਰ ਮੇਲੇ ਨੂੰ ਅਲਵਿਦਾ ਕਹਿਣਾ ਹੈ। ਸਦਾ ਲਈ ਕੋਈ ਨਹੀਂ ਜੀਅ ਸਕਿਆ। ਹਰ ਪ੍ਰਾਣੀ ਦਾ ਸਮਾਂ ਮਿਥਿਆ ਹੈ। ਜ਼ਿੰਦਗੀ ਦੌਰਾਨ ਕੋਈ ਬੇਇਮਾਨੀ, ਨਮੋਸ਼ੀ ਜਾਂ ਲਾਹਨਤ ਨਾ ਖੱਟੋ। ਸਦਾ ਟਹਿਕਦੇ ਫੁੱਲਾਂ ਵਾਂਗ ਜੀਵਨ ਗੁਜ਼ਾਰੋ। ਜ਼ਿੰਦਗੀ ਦੇ ਰਾਹ ਚੱਲਦੇ ਜਾਓ! ਜੇ ਰਾਹ ਛੱਡ ਕੇ ਕੁਰਾਹੇ ਚੱਲਣ ਦਾ ਯਤਨ ਕਰੋਗੇ ਤਾਂ ਜ਼ਿੰਦਗੀ ਦੀ ਡੋਰ ਤੁਹਾਡੇ ਹੱਥ ਨਹੀਂ ਰਹੇਗੀ। ਜੇ ਤੁਸੀਂ ਗੁਨਾਹ ਕਰਦੇ ਹੋ ਤਾਂ ਸਜ਼ਾ ਤੁਹਾਨੂੰ ਭੁਗਤਣੀ ਪਏਗੀ। ਜ਼ਿੰਦਗੀ ਇਸ ਤਰ੍ਹਾਂ ਗੁਜ਼ਾਰੋ ਕਿ ਮਰਨ ਵੇਲੇ ਤੁਹਾਨੂੰ ਕੋਈ ਪਛਤਾਵਾ ਨਾ ਹੋਵੇ। ਤੁਸੀਂ ਜ਼ਿੰਦਗੀ ਦੀਆਂ 70 ਜਾਂ 80 ਬਹਾਰਾਂ ਮਾਣ ਕੇ ਆਰਾਮ ਨਾਲ ਮੌਤ ਦੀ ਗੋਦ ਵਿੱਚ ਸੌਂ ਜਾਵੋ। ਮੌਤ ਨੇ ਇਕ ਨਾ ਇਕ ਦਿਨ ਆਉਣਾ ਹੈ। ਕਿਸੇ ਨੂੰ ਅਚਾਨਕ ਆ ਕੇ ਸੰਘੀ ਨੱਪ ਦਿੰਦੀ ਤੇ ਕਈ ਵਾਰ ਇਨਸਾਨ ਆਪਣੇ ਕਰਮਾਂ ਦੇ ਫਲ ਭੋਗ ਕੇ ਮੌਤ ਦੀ ਗੋਦ ਵਿੱਚ ਸਮਾ ਜਾਂਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

YOUR AD HERE
Check our Free E-paper at: www.canadianpunjabipost.ca
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

ਨੈਨੀ ਦੀ ਜ਼ਰੂਰਤ
ਅਬਨੀਜ਼ਰ ਅਤੇ ਗੋਰ ਦੇ ਏਰੀਏ ਵਿਚ ਕੁਕਿੰਗ ਅਤੇ ਕਲੀਨਿੰਗ ਲਈ ਅਤੇ 2 ਬੱਚਿਆਂ ਦੀ ਸਾਂਭ ਸੰਭਾਲ ਲਈ ਜੋ ਕੇ 4 ਅਤੇ 5 ਸਾਲ ਦੇ ਹਨ, ਸਕੂਲ ਜਾਂਦੇ ਹਨ, ਲਈ ਨੈਨੀ ਦੀ ਜ਼ਰੂਰਤ ਹੈ। ਆਪਣਾ ਟਰਾਂਸਪੋਟੇਸ਼ਨ ਹੋਣਾ ਅਤੇ ਪੀ ਆਰ ਦਾ ਹੋਣਾ ਜ਼ਰੂਰੀ ਹੈ। ਕੰਮ ਸ਼ਾਮ ਨੂੰ 2:30 ਤੋਂ 7:30 ਤੱਕ ਸੋਮਵਾਰ ਤੋਂ ਸ਼ੁਕਰਵਾਰ ਤੱਕ ਹੋਵੇਗਾ। ਜ਼ਿਆਦਾ ਜਾਣਕਾਰੀ ਲਈ ਦਿੱਤੇ ਨੰ. 'ਤੇ ਸੰਪਰਕ ਕੀਤਾ ਜਾ ਸਕਦਾ ਹੈ।
416-648-2455

AZ ਡਰਾਇਵਰਾਂ ਦੀ ਲੋੜ ਹੈ
"New Drivers are welcome"
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਸਿੰਗਲ ਡਰਾਇਵਰ ਦੀ U.S.A ਲਈ ਲੋੜ ਹੈ ਤੇ ਟੀਮ ਡਰਾਇਵਰਾਂ ਦੀ Texas ਲਈ ਡੈਡੀਕੇਟਡ ਰਨ ਲਈ ਲੋੜ ਹੈ
416.904.0715 | 647.456.8520

City Translogistics Co.
ਨੂੰ ਡਰਾਈਵਰਾਂ ਦੀ ਲੋੜ ਹੈ
– City ਲਈ $20/hour
– USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੌਲ।
ਜਿਆਦਾ ਜਾਣਕਾਰੀ ਲਈ: 647-632-1742

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

amar INTERMODAL · TRANSPORT · STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

V4U LOGISTIC INC.
Delivering "Satisfaction"... On Time ...Every Time
NOW HIRING
A/Z Drivers Needed
For Canada To US Runs
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757
(905) 595-0408

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

## ‘ਕਬੀਰ ਸਿੰਘ’ ਪੂਰੀ ਹੋਣ ਤੱਕ ਸ਼ਾਹਿਦ ਕੋਈ ਨਵਾਂ ਪ੍ਰੋਜੈਕਟ ਨਹੀਂ ਕਰੇਗਾ



ਫਿਲਮ ‘ਬੱਤੀ ਗੁੱਲ ਮੀਟਰ ਚਾਲੂ’ ਦੀ ਐਵਰੇਜ ਪ੍ਰਫਾਰਮੈਂਸ ਪਿੱਛੋਂ ਸ਼ਾਹਿਦ ਕਪੂਰ ਨੇ ਆਪਣੀ ਨੀਤੀ ਬਦਲ ਲਈ ਹੈ। ਉਹ ਇੱਕ ਸਮੇਂ 'ਤੇ ਇੱਕੋ ਫਿਲਮ 'ਤੇ ਫੋਕਸ ਕਰੇਗਾ। ਸ਼ਾਹਿਦ ਜਲਦੀ ਹੀ ਫਿਲਮ ‘ਕਬੀਰ ਸਿੰਘ’ ਦੀ ਸ਼ੂਟਿੰਗ ਸ਼ੁਰੂ ਕਰਨ ਵਾਲੇ ਹਨ। ਇਸ ਸਾਲ ਦੇ ਸ਼ੁਰੂ ਵਿੱਚ ਸ਼ਾਹਿਦ ਕਪੂਰ ਨੇ ‘ਪਦਮਾਵਤ’ ਵਰਗੀ ਸੁਪਰਹਿੱਟ ਫਿਲਮ ਦਿੱਤੀ ਸੀ। ਇਸ ਵਿੱਚ ਉਸ ਦੀ ਪ੍ਰਫਾਰਮੈਂਸ ਨੂੰ ਦਰਸ਼ਕਾਂ ਨੇ ਕਾਫੀ ਪਸੰਦ ਕੀਤਾ ਸੀ। ਉਸ ਦੀ ਦੂਸਰੀ ਫਿਲਮ ‘ਬੱਤੀ ਗੁੱਲ ਮੀਟਰ ਚਾਲੂ’ ਨੇ ਬਾਕਸ ਆਫਿਸ 'ਤੇ ਚੰਗਾ ਪ੍ਰਦਰਸ਼ਨ ਨਹੀਂ ਕੀਤਾ। ਇਸ ਲਈ ਆਪਣੀ ਅਗਲੀ ਫਿਲਮ ਲਈ ਸ਼ਾਹਿਦ ਨੇ ਨਵੀਂ ਨੀਤੀ ਅਪਣਾਈ ਅਤੇ ਤੈਅ ਕੀਤਾ ਹੈ ਕਿ ਉਹ ਇੱਕ ਸਮੇਂ ਵਿੱਚ ਇੱਕੋ ਫਿਲਮ ਕਰਨਗੇ। ਉਹ ਇਨ੍ਹੀਂ ਦਿਨੀਂ ਆਪਣੀ ਅਗਲੀ ਫਿਲਮ ‘ਕਬੀਰ ਸਿੰਘ’ ਉੱਤੇ ਫੋਕਸ ਕਰ ਰਹੇ ਹਨ। ਉਸ ਨੇ ਤੈਅ ਕੀਤਾ ਹੈ ਕਿ ਉਹ ਇਹ ਫਿਲਮ ਪੂਰੇ ਹੋਣ ਤੱਕ ਕਿਸੇ ਹੋਰ ਪ੍ਰੋਜੈਕਟ ਨੂੰ ਸਾਈਨ ਨਹੀਂ ਕਰਨਗੇ। ‘ਕਬੀਰ ਸਿੰਘ’ ਸਾਊਥ ਦੀ ਫਿਲਮ ‘ਅਰਜੁਨ ਰੈੱਡੀ’ ਦੀ ਰੀਮੇਕ ਹੈ।

ਸੂਤਰਾਂ ਮੁਤਾਬਕ ਸ਼ਾਹਿਦ ਨੇ ਇਸ ਫਿਲਮ 'ਤੇ ਕੰਮ ਸ਼ੁਰੂ ਕਰ ਦਿੱਤਾ ਹੈ। ਇਸ ਵਿੱਚ ਉਹ ਸਰਜਨ ਦਾ ਕਿਰਦ-ਾਰ ਨਿਭਾਉਣਗੇ। ਉਸ ਦੇ ਆਪੋਜ਼ਿਟ ਕਿਆਰਾ ਅਡਵਾਨੀ ਹੋਵੇਗੀ। ਫਿਲਹਾਲ ਸ਼ਾਹਿਦ ਨੇ ਦਿਵਾਲੀ ਬ੍ਰੇਕ ਲਿਆ ਹੈ, ਪਰ ਛੇਤੀ ਹੀ ਕੰਮ 'ਤੇ ਪਰਤਣਗੇ। ਉਹ ਵੀ ਆਪਣੇ ਦੌਰ ਦੇ ਬਾਕੀ ਹੀਰੋਜ਼ ਵਾਂਗ ਇੱਕ ਸਮੇਂ 'ਤੇ ਇੱਕੋ ਫਿਲਮ 'ਤੇ ਫੋਕਸ ਕਰਨਗੇ। ਉਹ ਇਸ ਫਿਲਮ ਦੇ ਪੂਰੇ ਹੋਣ ਤੱਕ ਕਿਸੇ ਫਿਲਮ ਮੇਕਰ ਨੂੰ ਨਹੀਂ ਮਿਲਣਗੇ ਨਾ ਹੋਰ ਸਕ੍ਰਿਪਟ ਪੜ੍ਹਨਗੇ। ਇਹ ਫੈਸਲਾ ਉਨ੍ਹਾਂ ਨੇ ‘ਬੱਤੀ ਗੁੱਲ ਮੀਟਰ ਚਾਲੂ' ਨੂੰ ਮਿਲੇ ਐਵਰੇਜ ਰਿਸਪਾਂਸ ਨੂੰ ਦੇਖ ਕੇ ਲਿਆ ਹੈ।

ਫਿਲਮ ‘ਅਰਜੁਨ ਰੈੱਡੀ’ ਵਿੱਚ ਦੋ ਫੀਮੇਲ ਲੀਡ ਹੋਣਗੀਆਂ। ਮੇਕਰਸ ਇਸ ਦੀ ਬਾਕੀ ਕਾਸਟ ਦੀ ਅਨਾਊਂਸਮੈਂਟ ਛੇਤੀ ਕਰਨ ਵਾਲੇ ਹਨ। ਪਿੱਛੇ ਜਿਹੇ ਮਿਊਜ਼ਿਕ ਵੀਡੀਓ ‘ਉਰਵਸ਼ੀ’ ਵਿੱਚ ਦਿੱਸੇ ਸ਼ਾਹਿਦ-ਕਿਆਰਾ ਨੇ ਇਸ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਫਿਲਮ ਦੀ ਸੈਕਿੰਡ ਲੀਡ ਲਈ ਪਹਿਲਾਂ ‘ਸਟੂਡੈਂਟ ਆਫ ਦਿ ਈਅਰ ਦੋ’ ਫੇਮ ਤਾਰਾ ਸੁਤਾਰੀਆ ਨੂੰ ਫਾਈਨਲ ਕੀਤਾ ਗਿਆ, ਪਰ ਡੇਟਸ ਨਾ ਹੋਣ ਕਾਰਨ ਉਹ ਇਸ ਦਾ ਹਿੱਸਾ ਨਹੀਂ ਬਣ ਸਕੀ।

## ਆਫਰ ਮਿਲੇ ਤਾਂ ਫਿਰ ‘ਧੂਮ’ ਸੀਰੀਜ਼ ਵਿੱਚ ਕੰਮ ਕਰਨਾ ਚਾਹਾਂਗਾ : ਜਾਨ ਅਬਰਾਹਮ



‘ਧੂਮ’ ਸੀਰੀਜ਼ ਦੀ ਪਹਿਲੀ ਫਿਲਮ ਵਿੱਚ ਲੀਡ ਰੋਲ ਨਿਭਾ ਚੁੱਕੇ ਜਾਨ ਅਬਰਾਹਮ ਇੱਕ ਵਾਰ ਫਿਰ ਇਸ ਸੀਰੀਜ਼ ਦਾ ਹਿੱਸਾ ਬਣਨਾ ਚਾਹੁੰਦੇ ਹਨ। ਹਾਲ ਹੀ ਵਿੱਚ ਉਸ ਨੇ ਕਿਹਾ ਕਿ ਜੇ ਯਸ਼ਰਾਜ ਬੈਨਰ ਉਨ੍ਹਾਂ ਨੂੰ ਆਫਰ ਦੇਵੇਗਾ ਤਾਂ ਉਹ ਫਿਰ ਤੋਂ ‘ਧੂਮ' ਦਾ ਹਿੱਸਾ ਬਣਨਾ ਚਾਹੁਣਗੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ‘‘ਇਹ ਮੇਰੇ ਹੱਥ ਨਹੀਂ ਹੈ, ਮੈਂ ਪ੍ਰੋਡਿਊਸਰ ਨਹੀਂ ਹਾਂ, ਪਰ ਮੈਂ ਬਤੌਰ ਪ੍ਰੋਡਿਊਸਰ ‘ਵਿੱਕੀ ਡੋਨਰ’, ‘ਮਦਰਾਸ ਕੈਫੇ’ ਅਤੇ ‘ਪਰਮਾਣੂ' ਵਰਗੇ ਕੰਟੈਂਟ ਓਰੀਐਂਟਿਡ ਫਿਲਮਾਂ ਬਣਾਉਣਾ ਚਾਹੁੰਦਾ ਹਾਂ। ਇਹੀ ਮੇਰੀ ਕੋਸ਼ਿਸ਼ ਹੈ ਅਤੇ ਇਸ ਨੂੰ ਜਾਰੀ ਰੱਖਾਂਗਾ।’’

ਕਰਣ ਜੌਹਰ ਦੇ ਸ਼ੋਅ ‘ਕੌਫੀ ਵਿਦ ਕਰਣ' ਦੇ ਬਾਰੇ ਕਿਹਾ, ‘‘ਮੈਂ ਉਨ੍ਹਾਂ ਦੇ ਨਾਲ ਕੌਫੀ ਪੀਣਾ ਪਸੰਦ ਕਰਾਂਗਾ, ਪਰ ਸ਼ੋਅ 'ਤੇ ਨਹੀਂ ਬਲਕਿ ਕਿਤੇ ਬਾਹਰ।’’

## ਮੁੰਬਈ ਬੇਸਡ ਕਪਲਸ ਦੀ ਲਵ ਲਾਈਫ ਹੈ ‘ਫੋਟੋਗਰਾਫ’



ਨਵਾਜ਼ੁਦੀਨ ਸਿੱਦੀਕੀ ਇਨ੍ਹੀਂ ਦਿਨੀਂ ਰਿਤੇਸ਼ ਬੱਤਰਾ ਦੀ ਫਿਲਮ ‘ਫੋਟੋਗਰਾਫ’ ਦੀ ਸ਼ੂਟਿੰਗ ਵਿੱਚ ਬਿਜ਼ੀ ਹਨ। ਇਸ ਫਿਲਮ ਵਿੱਚ ਉਸ ਦੇ ਆਪੋਜ਼ਿਟ ਸਾਨਿਆ ਮਲਹੋਤਰਾ ਹੈ। ਇਹ ਫਿਲਮ ਮੁੰਬਈ ਦੇ ਯੰਗ ਕਪਲਸ ਦੀ ਲਵ ਲਾਈਫ ਵਿੱਚ ਆਉਣ ਵਾਲੇ ਚੈਲੇਂਜ 'ਤੇ ਆਧਾਰਤ ਹੈ।

ਮੁੰਬਈ ਵਰਗੇ ਸ਼ਹਿਰ ਵਿੱਚ ਅਕਸਰ ਕਪਲਸ ਨੂੰ ਕੰਮ ਦੀ ਭੱਜ ਦੌੜ ਵਿੱਚ ਰੋਮਾਂਸ ਕਰਨ ਦਾ ਸਮਾਂ ਨਹੀਂ ਮਿਲਦਾ। ਫਿਲਮ ਵਿੱਚ ਨਵਾਜ਼ ਇੱਕ ਫੋਟੋਗਰਾਫਰ ਦੇ ਕਿਰਦਾਰ ਵਿੱਚ ਹੋਣਗੇ, ਜੋ ਕਪਲਸ ਦੇ ਸਕੂਨ ਦੇ ਪਲਾਂ ਨੂੰ ਕੈਮਰੇ ਵਿੱਚ ਕੈਪਚਰ ਕਰਦਾ ਹੈ।

## ਇੱਕ ਵਾਰ ਫਿਰ ‘ਪੂ’ ਦਾ ਕਿਰਦਾਰ ਨਿਭਾਏਗੀ ਕਰੀਨਾ



ਕਰੀਨਾ ਕਪੂਰ ਖਾਨ ਨੇ ਸਾਲ 2001 ਵਿੱਚ ਰਿਲੀਜ਼ ਹੋਈ ਫਿਲਮ ‘ਕਭੀ ਖੁਸ਼ੀ ਕਭੀ ਗ਼ਮ’ ਵਿੱਚ ‘ਪੂ’ ਨਾਂਅ ਦੀ ਲੜਕੀ ਦਾ ਕਿਰਦਾਰ ਨਿਭਾਇਆ ਸੀ। ਇਸ ਕਿਰਦਾਰ ਨੂੰ ਦਰਸ਼ਕਾਂ ਨੇ ਬੇਹੱਦ ਪਸੰਦ ਕੀਤਾ। ਖਬਰ ਹੈ ਕਿ ਜਲਦ ਹੀ ਉਹ ਇੱਕ ਵਾਰ ਫਿਰ ਤੋਂ ‘ਪੂ’ ਦੇ ਕਿਰਦਾਰ ਵਿੱਚ ਦਿਸੇਗੀ। ਉਹ ਇੱਕ ਵੈੱਬ ਸੀਰੀਜ਼ ਵਿੱਚ ਇਹ ਕਿਰਦਾਰ ਨਿਭਾਏਗੀ। ਨੈੱਟਫਲਿਕਸ 'ਤੇ ਆਉਣ ਵਾਲੀ ਇਸ ਸੀਰੀਜ਼ ਦੀ ਸ਼ੂਟਿੰਗ ਕਰੀਨਾ ਜਲਦ ਹੀ ਸ਼ੁਰੂ ਕਰੇਗੀ। ਕਰੀਨਾ ਦੇ ਪਤੀ ਸੈਫ ਵੀ ਇਨ੍ਹੀਂ ਦਿਨੀਂ ਵੈੱਬ ਸੀਰੀਜ਼ ‘ਸੇਕ੍ਰੇਡ ਗੇਮਸ 2’ ਦੀ ਸ਼ੂਟਿੰਗ ਵਿੱਚ ਬਿਜ਼ੀ ਹਨ।

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਓ
SPECIAL DISCOUNT FOR CONTRACTORS

Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

BEST CANADIAN
BEST CANADIAN TRUCK & FORKLIFT TRAINING CENTRE
Registered as a Private Career College Under the Private Career Colleges Act. 2005

* AZ Tractor Trailer Program
* Manual Transmission & Backup Training Everyday
* We Welcome Welfare & Workers Compensation Clients
**SPECIAL** Forklift Re-Certification Only $69
Cell: 416-670-3173
Tell: 905-799-7333
Open 7 Days
27-B Edvac Drive, Brampton, ON L6S 5X8

Karnail Singh



# ਖੇਡ ਤੇ ਖਿਡਾਰੀ



## ਭਾਰਤੀ ਕੁੜੀਆਂ ਨੇ ਆਸਟਰੇਲੀਆ ਨੂੰ ਹਰਾਇਆ



ਨਵੀਂ ਦਿੱਲੀ, 18 ਨਵੰਬਰ (ਪੋਸਟ ਬਿਊਰੋ): ਭਾਰਤ ਨੇ ਮਹਿਲਾ ਟੀ-20 ਵਿਸ਼ਵ ਕੱਪ ਦੇ ਲੀਗ ਗਰੁੱਪ ਮੈਚ 'ਚ ਆਸਟਰੇਲੀਆ ਨੂੰ ਇਕਤਰਫਾ ਮੁਕਾ-ਬਲੇ 'ਚ 48 ਦੌੜਾਂ ਨਾਲ ਹਰਾ ਦਿੱਤਾ। ਆਸਟਰੇਲੀਆ ਵੱਲੋਂ ਐਲੇਸ ਪੇਰੀ ਨੇ ਸਭ ਤੋਂ ਜ਼ਿਆਦਾ ਅਜੇਤੂ 39 ਦੌੜਾਂ ਦਾ ਯੋਗਦਾਨ ਦਿੱਤਾ। ਭਾਰਤ ਵੱਲੋਂ ਸਭ ਤੋਂ ਜ਼ਿਆਦਾ ਵਿਕਟ ਅਨੁਜਾ ਪਾਟਿਲ ਨੇ ਝਟਕੇ। ਇਸ ਤੋਂ ਪਹਿਲਾਂ ਟੀਮ ਇੰਡੀਆ ਨੇ ਬੈਟਿੰਗ ਕਰਦੇ ਹੋਏ ਨਿਰਾਧਰਾਤ 20 ਓਵਰਾਂ 'ਚ 167 ਦੌੜਾਂ ਬਣਾਈਆਂ। ਭਾਰਤ ਵੱਲੋਂ ਓਪਨਰ ਸਮ੍ਰਿਤੀ ਮੰਧਾਨਾ ਨੇ ਸਭ ਤੋਂ ਜ਼ਿਆਦਾ 83 ਦੌੜਾਂ ਬਣਾਈਆਂ ਜਦਕਿ ਕਪਤਾਨ ਹਰਮਨਪ੍ਰੀਤ ਕੌਰ ਨੇ 43 ਦੌੜਾਂ ਦਾ ਯੋਗਦਾਨ ਦਿੱਤਾ।

## ਆਸਟਰੇਲੀਆ ਦਾ ਕੈਪਟਨ ਕਹਿੰਦਾ ਟੀਮ ਇੰਡੀਆ ਨੂੰ ਧੂੜ ਚਟਾ ਦਿਆਂਗੇ

ਮੈਲਬੋਰਨ, 18 ਨਵੰਬਰ (ਪੋਸਟ ਬਿਊਰੋ): ਸਾਊਥ ਅਫਰੀਕਾ ਖਿਲਾਫ ਭਾਵੇਂ ਹੀ ਪਹਿਲੇ ਟੀ-20 ਮੁਕਾਬਲੇ 'ਚ ਆਸਟਰੇਲੀਆਈ ਟੀਮ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੋਵੇ ਪਰ ਉਸ ਦੇ ਕਪਤਾਨ ਦਾ ਦਾਅਵਾ ਹੈ ਕਿ ਉਨ੍ਹਾਂ ਦੀ ਟੀਮ ਭਾਰਤ ਖਿਲਾਫ ਸੀਰੀਜ਼ 'ਚ ਇਸ ਪ੍ਰਦਰਸ਼ਨ ਨੂੰ ਬਦਲ ਕੇ ਰੱਖ ਦੇਵੇਗੀ। ਵਰਖਾ ਨਾਲ ਪ੍ਰਭਾਵਿਤ ਇਹ ਮੁਕਾਬਲਾ ਸਿਰਫ 10-10 ਓਵਰਾਂ ਦਾ ਹੀ ਖੇਡਿਆ ਗਿਆ ਜਿਸ 'ਚ ਸਾਊਥ ਅਫਰੀਕਾ ਨੇ 21 ਦੌੜਾਂ ਨਾਲ ਜਿੱਤ ਦਰਜ ਕੀਤੀ।

ਇਸ ਮੈਚ ਦੇ ਬਾਅਦ ਗੱਲ ਕਰਦੇ ਹੋਏ ਆਸਟਰੇਲੀਆ ਦੀ ਟੀਮ ਦੇ ਕਪਤਾਨ ਐਰੋਨ ਫਿੰਚ ਦਾ ਕਹਿਣਾ ਸੀ, ''ਇਸ ਹਾਰ ਨਾਲ ਭਾਰਤ ਦੇ ਖਿਲਾਫ ਸਾਡੇ ਪ੍ਰਦਰਸ਼ਨ 'ਤੇ ਕੋਈ ਅਸਰ ਨਹੀਂ ਪਵੇਗਾ। ਸਾਨੂੰ ਇਕ ਦਿਨ ਦੀ ਛੁੱਟੀ ਮਿਲ ਰਹੀ ਹੈ ਅਤੇ ਅਸੀਂ ਭਾਰਤ ਖਿਲਾਫ ਖੇਡਾਂਗੇ। ਮੈਨੂੰ ਯਕੀਨ ਹੈ ਕਿ ਮੇਰੀ ਟੀਮ ਭਾਰਤ ਦੇ ਖਿਲਾਫ ਨਤੀਜਿਆਂ ਨੂੰ ਬਦਲ ਦੇਵੇਗੀ ਅਤੇ ਭਾਰਤ ਨੂੰ ਹਾਰ ਦਾ ਸਾਹਮਣਾ ਕਰਨਾ ਪਵੇਗਾ।

ਦੂਜੇ ਪਾਸੇ ਇਸ ਮੁਕਾਬਲੇ ਦੇ ਬਾਅਦ ਸਾਊਥ ਅਫਰੀਕੀ ਕਪਤਾਨ ਫਾਫ ਡੂ ਪਲੇਸਿਸ ਨੇ ਵੀ ਕੰਗਾਰੂਆਂ ਲਈ



ਭਾਰਤ ਖਿਲਾਫ ਕੁਝ ਟਿੱਪਸ ਦਿੱਤੇ। ਉਨ੍ਹਾਂ ਦੀ ਨਸੀਹਤ ਹੈ ਕਿ ਜੇਕਰ ਭਾਰਤੀ ਕਪਤਾਨ ਵਿਰਾਟ ਕੋਹਲੀ ਦੇ ਕਹਿਰ ਤੋਂ ਬਚਣਾ ਹੈ ਤਾਂ ਆਸਟਰੇਲੀਆ ਨੂੰ ਉਨ੍ਹਾਂ ਨੂੰ ਸ਼ਾਂਤ ਰੱਖਣਾ ਹੋਵੇਗਾ ਜਿਸ ਦੇ ਲਈ ਉਨ੍ਹਾਂ ਨੂੰ ਕੋਹਲੀ ਨੂੰ ਕਿਸੇ ਵੀ ਤਰ੍ਹਾਂ ਨਾਲ ਛੇੜਨ ਤੋਂ ਬਚਣਾ ਹੋਵੇਗਾ।

## ਭਾਰਤੀ ਟੀਮ ਆਸਟਰੇਲੀਆ ਪਹੁੰਚੀ





ਭਾਰਤੀ ਟੀਮ ਦੋ ਮਹੀਨੇ ਲੰਬੇ ਦੌਰੇ ਲਈ ਆਸਟਰੇਲੀਆ ਪਹੁੰਚ ਚੁੱਕੀ ਹੈ। ਪਹਿਲਾਂ ਦੋਵੇਂ ਹੀ ਟੀਮਾਂ ਵਿਚਾਲੇ ਟੀ-20 ਸੀਰੀਜ਼ ਖੇਡੀ ਜਾਵੇਗੀ ਜਿਸ ਦਾ ਆਗਾਜ਼ ਬੁੱਧਵਾਰ ਨੂੰ ਹੋਵੇਗਾ। ਇਸ ਤੋਂ ਬਾਅਦ ਟੈਸਟ ਸੀਰੀਜ਼ ਅਤੇ ਫਿਰ ਵਨ ਡੇ ਸੀਰੀਜ਼ ਦੀ ਵਾਰੀ ਹੈ।

## ਜਵੇਰੇਵ ਦੀ ਫਾਈਨਲ 'ਚ, ਜੋਕੋਵਿਚ ਨਾਲ ਹੋਵੇਗੀ ਟੱਕਰ

ਲੰਡਨ, 18 ਨਵੰਬਰ (ਪੋਸਟ ਬਿਊਰੋ): ਵਿਸ਼ਵ ਦੇ ਨੰਬਰ ਇਕ ਖਿਡਾਰੀ ਸਰਬੀਆ ਦੇ ਨੋਵਾਕ ਜੋਕੋਵਿਚ ਨੇ ਇਕਪਾਸੜ ਮੁਕਾਬਲੇ ਵਿਚ ਜਿੱਤ ਦੇ ਨਾਲ ਸੈਸ਼ਨ ਦੇ ਆਖਰੀ ਏ. ਟੀ. ਪੀ. ਫਾਈਨਲਸ ਦੇ ਫਾਈਨਲ ਵਿਚ ਪ੍ਰਵੇਸ਼ ਕਰ ਲਿਆ ਹੈ, ਜਿੱਥੇ ਉਸਦਾ ਮੁਕਾਬਲਾ ਅਲੈਕਸਾਂਦ੍ਰ ਜਵੇਰੇਵ ਨਾਲ ਹੋਵੇਗਾ, ਜਿਸ ਨੇ ਸਵਿਸ ਮਾਸਟਰ ਰੋਜਰ ਫੈਡਰਰ ਨੂੰ ਵਿਵਾਦਿਤ ਮੁਕਾਬਲੇ ਵਿਚ ਉਲਟਫੇਰ ਦਾ ਸ਼ਿਕਾਰ ਬਣਾਇਆ ਤੇ ਸਾਲ 1996 ਤੋਂ ਬਾਅਦ ਪਹਿਲੀ ਵਾਰ ਇਸ ਟੂਰਨਾਮੈਂਟ ਦੇ ਫਾਈਨਲ ਵਿਚ ਪਹੁੰਚਣ ਵਾਲਾ ਜਰਮਨ ਖਿਡਾਰੀ ਵੀ ਬਣ ਗਿਆ।

ਲੰਡਨ ਦੇ ਓਟੂ ਏਰੇਨਾ ਵਿਚ ਖੇਡੇ ਗਏ ਸੈਮੀਫਾਈਨਲ ਮੁਕਾਬਲੇ ਵਿਚ ਚੋਟੀ ਦਰਜਾ ਪ੍ਰਾਪਤ ਜੋਕੋਵਿਚ ਲਈ ਦੱਖਣੀ ਅਫਰੀਕਾ ਦੇ ਕੇਵਿਨ ਐਂਡਰਸਨ ਵਿਰੁੱਧ ਮੁਕਾਬਲਾ ਇਕਪਾਸੜ ਰਿਹਾ ਤੇ ਉਸ ਨੇ ਚੌਥਾ ਦਰਜਾ ਪ੍ਰਾਪਤ ਖਿਡਾਰੀ ਨੂੰ ਲਗਾਤਾਰ ਸੈੱਟਾਂ ਵਿਚ 6-2, 6-2 ਨਾਲ ਹਰਾ ਕੇ ਫਾਈਨਲ ਵਿਚ ਪ੍ਰਵੇਸ਼ ਕਰ ਲਿਆ। ਸਰਬੀਆਈ ਖਿਡਾਰੀ ਫੈਡਰਰ ਦੇ ਰਿਕਾਰਡ 6 ਏ. ਟੀ. ਪੀ. ਫਾਈਨਲਸ ਖਿਤਾਬਾਂ ਤੋਂ ਹੁਣ ਇਕ ਕਦਮ ਹੀ ਦੂਰ ਰਹਿ ਗਿਆ ਹੈ। ਹਾਲਾਂਕਿ ਫੈਡਰਰ ਤੇ 21 ਸਾਲਾ ਜਵੇਰੇਵ ਵਿਚਾਲੇ ਮੁਕਾਬਲਾ ਰੋਮਾਂਚਕ ਹੋਣ ਨਾਲ ਵਿਵਾਦਪੂਰਨ ਵੀ ਰਿਹਾ, ਜਦੋਂ ਦੂਜੇ ਸੈੱਟ ਵਿਚ ਰੈਲੀ ਦੌਰਾਨ ਬਾਲ ਬੁਆਏ ਨੇ ਗੇਂਦ ਨੂੰ ਸੁੱਟ ਦਿੱਤਾ ਤੇ ਜਰਮਨ ਖਿਡਾਰੀ ਨੇ ਪੁਆਇੰਟ ਨੂੰ ਦੁਬਾਰਾ ਖੇਡਣ ਲਈ ਜ਼ੋਰ ਦਿੱਤਾ। ਉਸ ਨੇ ਇਸ ਤੋਂ ਬਾਅਦ ਇਸ ਅੰਕ ਨੂੰ ਜਿੱਤਿਆ ਤੇ ਮੈਚ 7-5, 7-6 ਨਾਲ ਆਪਣੇ ਨਾਂ ਕਰ ਲਿਆ। ਇਸਦੇ ਨਾਲ ਹੀ ਜਵੇਰੇਵ ਨੇ ਫੈਡਰਰ ਨੂੰ ਉਸਦੇ 100ਵੇਂ ਖਿਤਾਬ ਤੋਂ ਵੀ ਦੂਰ ਕਰ ਦਿੱਤਾ।

ਜਵੇਰੇਵ ਹੁਣ ਏ. ਟੀ. ਪੀ. ਫਾਈਨਲਸ ਵਿਚ ਖਿਤਾਬ ਲਈ ਵਿਸ਼ਵ ਦੇ ਨੰਬਰ ਇਕ ਖਿਡਾਰੀ ਜੋਕੋਵਿਚ ਨਾਲ ਭਿੜੇਗਾ। ਜਵੇਰੇਵ ਸਾਲ 2009 ਤੋਂ ਬਾਅਦ ਏ. ਟੀ. ਪੀ. ਫਾਈਨਲ ਵਿਚ ਪਹੁੰਚਣ ਵਾਲਾ



ਸਭ ਤੋਂ ਨੌਜਵਾਨ ਖਿਡਾਰੀ ਬਣ ਗਿਆ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਮੂੰਹੋ ਬੋਲਦੀ ਦੀ Kitchen and Washroom ਬਣਵਾਓ
Pearson
Kitchen & Cabinet
Free Estimate
We Specialize in granite, quartz & marble countertops
We Specialize In:
100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor
ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




SimConnect
FREIGHT MANAGEMENT
HIRING OWNER OPERATORS FOR LAREDO TX & MIDWEST LANES
ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ
Owner Operator up to 1.65 Per miles
Company Drivers :
Solo/Team : upto .65 Cents Per Mile
Sim Connect Freight Management
24 Hrs Dispatch
Ph: (905)915-1805/(905)799-8822
3380 Airway Dr Mississauga Ontario L4T1V3

